ਤੇਗ-ਏ-ਆਫ਼ਤਿਸ਼ਬਾਰ

ਬਾਬਾ ਬੰਦਾ ਸਿੰਘ ਬਹਾਦੁਰ



ਡਾ. ਜਸਬੀਰ ਸਿੰਘ ਸਰਨਾ



ਤੇਗ਼ - ਏ- ਆਤਿਸ਼ਬਾਰ

ਬਾਬਾ ਬੰਦਾ ਸਿੰਘ ਬਹਾਦੁਰ



ਡਾ. ਜਸਬੀਰ ਸਿੰਘ ਸਰਨਾ

Tegh- i - Aatishbar : Baba Banda Singh Bahadur

By : Dr. Jasbir Singh Sarna
Email : jbsingh.801@gmail.com

First Published : 2018

ISBN : 978-81-86741-37-5

Price : India Rs. 50/-

Publisher :
Baba Banda Singh Bahadur Sikh Youth
Organization (Regd.) Rajouri (J&K)

Type, Setting & Printing :
Shaheed-e-Azam Press & Hospitality Pvt. Ltd.
SCO-3-4, Chowk Dukhniwaran Sahib,
Sirhind Road, Patiala (Pb.) INDIA
Mob. : 0175-2357981, 098146-32807

ਤਤਕਰਾ

ਅੰਤਿਕਾਵਾਂ

ਦੀਦਾਰੀ ਹਰਫ਼

ਗੁਰੂ ਗੋਬਿੰਦ ਸਿੰਘ ਜੀ ਦੀ ਪੈਗੰਬਰੀ ਅਜ਼ਮਤ ਸਾਹਵੇਂ ਜਦੋਂ ਮਾਧੋਦਾਸ ਬੈਰਾਗੀ ਦਾ ਸੀਸ ਝੁੱਕ ਗਿਆ ਤਾਂ ਉਸ ਨੇ 'ਖੰਡੇ ਦੀ ਪਾਹੁਲ' ਕਲਗੀਧਰ ਦੇ ਮੁਬੱਾਰਖ਼ ਹੱਥਾਂ ਤੋਂ ਲੈ ਕੇ, ਉਸ ਨੂੰ ਇੰਝ ਮਹਿਸੂਸ ਹੋਇਆ ਜਿਵੇਂ ਉਸ ਦੇ ਸਰੀਰ ਵਿੱਚ ਅਨੋਖੀ ਜਿਹੀ ਚੁੰਬਕੀ ਸ਼ਕਤੀ ਨੇ ਜਿਵੇਂ ਪ੍ਰਵੇਸ਼ ਕਰ ਦਿੱਤਾ ਸੀ। ਦਸ਼ਮੇਸ਼ ਦਾ ਥਾਪੜਾ ਲੈ ਕੇ ਉਸ ਨੇ 18ਵੀਂ ਸਦੀ ਵਿੱਚ ਮੁਗਲ ਹਕੂਮਤ ਦੇ ਖਿਲਾਫ਼ ਜਦੋ-ਜਹਿਦ ਹੀ ਨਹੀਂ ਕੀਤੀ ਸਗੋਂ ਸੰਸਾਰ ਦੀ ਤਵਾਰੀਖ ਵਿੱਚ ਗੌਰਵਮਈ ਵੀਰਤਾ ਅਤੇ ਫ਼ਤਹਿਯਾਬੀਆਂ ਦੇ ਅਜਿਹੇ ਅਧਿਆਇ ਆਣ ਜੋੜੇ, ਜਿਸਨੇ ਉਸ ਨੂੰ ਪੰਜਾਬ ਦੀ ਪਵਿੱਤਰ ਧਰਤੀ ਉੱਤੇ ਸੁਤੰਤਰ ਖਾਲਸਾ ਰਾਜ ਦਾ ਝੰਡਾ ਗੱਡਣ ਵਾਲਾ ਪਹਿਲਾ ਸੰਸਥਾਪਕ ਬਣਾ ਦਿੱਤਾ। ਭਾਵੇਂ ਬਹੁਤ ਸਾਰੀਆਂ ਫ਼ਾਰਸੀ ਲਿਖੱਤਾਂ ਵਿੱਚ ਬੰਦਾ ਸਿੰਘ ਬਹਾਦੁਰ ਪ੍ਰਤੀ ਕੋੜੇ ਬਚਨ ਲਿਖੇ ਮਿਲਦੇ ਹਨ ਜਿਵੇਂ ਧਾੜਵੀ, ਕਾਫ਼ਿਰ, ਲੁਟੇਰਾ, ਨਰਕਾਂ ਦਾ ਭਾਗੀ, ਕਰੂਰ ਹਤਿਆਰਾ, ਲਾ-ਜਿਨਸ (ਬਦਜ਼ਾਤ), ਧਰਮ-ਅੰਧਤਾ ਦਾ ਸ਼ਿਕਾਰੀ, ਬਦਬਖ਼ਤ, ਦੋਜ਼ਖੀ, ਜ਼ਾਲਮ, ਜਹਨਮੀ, ਸੱਗ (ਕੁੱਤਾ), ਲੋਗੜ, ਤੁਅੱਸਬੀ,ਰਾਕਸ਼ ਆਦਿ ਸ਼ਬਦਾਵਲੀ ਵਰਤੀ ਹੈ ਪਰ ਇਨ੍ਹਾਂ ਲਿਖੱਤਾਂ ਦੇ ਲੇਖਕ ਸਿੱਖਾਂ ਦੀ ਬੀਰਤਾ ਅਤੇ ਉੱਚੇ ਆਚਰਣ ਦੀਆਂ ਸਿਫ਼ਤਾਂ ਵੀ ਕਰਦੇ ਨਹੀਂ ਥੱਕਦੇ। ਇਸ ਤਰ੍ਹਾਂ ਫ਼ਾਰਸੀ ਲਿਖੱਤਾਂ ਦਾ ਅਧਿਐਨ ਕਰਦਿਆਂ ਇਹ ਗਲ ਸਪੱਸ਼ਟ ਹੋ ਜਾਂਦੀ ਹੈ ਕਿ ਬਹੁਤੇ ਲੇਖਕ ਤੁਅਸੱਬੀ ਸਨ।ਫ਼ਾਰਸੀ ਲਿੱਖਤਾਂ ਵਿੱਚ ਬੰਦਾ ਸਿੰਘ ਨੂੰ ਖੂੰਖਾਰ, ਤਬਾਹੀ ਕਰਨ ਵਾਲਾ, ਔਰਤਾਂ ਤੇ ਬੱਚਿਆਂ ਉੱਪਰ ਜ਼ੁਲਮ ਕਰਨ ਵਾਲਾ, ਕਠੋਰ-ਚਿੱਤ ਵਿਅਕਤੀ ਵਜੋਂ ਪੇਸ਼ ਕੀਤਾ ਗਿਆ ਹੈ ਜੋ ਹਕੀਕਤ ਤੋਂ ਕੋਹਾਂ ਦੂਰ ਹੈ।ਉਹ ਮੁਗਲਾਂ ਦੀਆਂ ਹਾਰਾਂ (ਘਾਟਾਂ) ਨੂੰ ਫ਼ਤਹਿਯਾਬੀਆਂ ਦੇ ਰੂਪ ਵਿੱਚ ਅੰਕਿਤ ਕਰਦੇ ਸਨ। ਕਈ ਵੇਰਾਂ ਅਸਲੀ ਤੱਥਾਂ ਨੂੰ ਪੂਰੀ ਇਮਾਨਦਾਰੀ ਨਾਲ ਪੇਸ਼ ਕਰਨੋਂ ਕਿਨਾਰਾਕਸ਼ੀ ਕਰ ਛੱਡਦੇ ਸਨ। ਇਸ ਕਿਤਾਬ ਵਿੱਚ ਅਸਾਂ ਫ਼ਾਰਸੀ ਲਿੱਖਤਾਂ ਨੂੰ ਹੂ ਬ ਹੂ ਪੇਸ਼ ਕਰਨ ਦਾ ਯਤਨ ਕੀਤਾ ਹੈ।

ਬੰਦਾ ਸਿੰਘ ਬਹਾਦੁਰ 46 ਵਰ੍ਹੇ ਇਸ ਸੰਸਾਰ ਵਿੱਚ ਰਿਹਾ। ਇਨ੍ਹਾਂ ਵਿੱਚ ਕੇਵਲ 8 ਵਰ੍ਹੇ ਹੀ ਪੂਰਣ ਗੁਰਸਿੱਖ-ਖਾਲਸੇ ਦੇ ਰੂਪ ਵਿੱਚ ਬਿਤਾਏ। 'ਪਾਹੁਲ' ਲੈਣ ਸਮੇਂ ਬੰਦਾ ਸਿੰਘ ਬਹਾਦੁਰ ਦੀ ਉਮਰ 38 ਵਰ੍ਹੇ ਦੀ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਬਚਨਾਂ ਅਤੇ ਆਦਰਸ਼ਾਂ ਨੂੰ ਜਿਸ ਸਿਦਕ ਅਤੇ ਨਿਰਭੈ-ਸੂਰਬੀਰਤਾ ਨਾਲ ਬੰਦਾ ਸਿੰਘ ਨੇ ਆਖਰੀ ਘੜੀ ਤੱਕ 'ਅਕਾਲਪੁਰਖ ਦਾ ਭਾਣਾ ਮੰਨਕੇ' ਜੋ ਤਸੀਹੇ ਖਿੜੇ ਮੱਥੇ ਝੱਲੇ, ਸੰਸਾਰ ਵਿੱਚ ਐਸੀ ਵਚਿੱਤਰ ਅਨੂਠੀ ਦਾਸਤਾਨ ਪੜ੍ਹਨ ਸੁਣਨ ਵਿੱਚ ਅਜੇ ਤੱਕ ਨਹੀਂ ਆਈ। ਅਸੀਂ ਮੁੱਢਲੇ ਫ਼ਾਰਸੀ ਸਰੋਤਾਂ ਨੂੰ ਹੀ ਸ਼ਾਮਲ ਕੀਤਾ ਹੈ ਜਿਨ੍ਹਾਂ ਲੇਖਕਾਂ ਨੇ ਬੰਦਾ ਸਿੰਘ ਬਹਾਦੁਰ ਦੀ ਸ਼ਹਾਦਤ ਦੇ ਪੈਰਾਡਾਇਮ ਨੂੰ ਅੱਖੀਂ ਵੇਖ ਕੇ ਲਿੱਖਤਾਂ ਵਿੱਚ ਅੰਕਿਤ ਕੀਤੇ ਹਨ।ਅੰਤਿਕਾਵਾਂ ਵਿੱਚ ਮਹਿਕਮਾ ਮਾਲ ਦੇ ਕਾਗਜ਼ਾਂ ਵਿੱਚ ਆਏ ਅਹਿਮ ਦਸਤਾਵੇਜ਼ ਸਾਂਭਣ ਦੇ ਯਤਨ ਕੀਤੇ ਗਏ ਹਨ। ਅਖੀਰ ਵਿੱਚ ਮੈਂ ਬਾਬਾ ਬੰਦਾ ਸਿੰਘ ਬਹਾਦੁਰ ਸਿੱਖ ਨੌਜਵਾਨ ਸਭਾ ਰਾਜੌਰੀ ਦਾ ਧੰਨਵਾਦੀ ਹਾਂ, ਜਿਨ੍ਹਾਂ ਇਹ ਕਿਤਾਬ ਛਾਪਣ ਦੀ ਸੇਵਾ ਕੀਤੀ ਹੈ।

ਅਕਾਲ ਸਹਾਇ

ਜਸਬੀਰ ਸਿੰਘ ਸਰਨਾ (ਡਾ.)

☬ ਜਨਮ ਤੋਂ ਲੈ ਕੇ 'ਖੰਡੇ ਦੀ ਪਾਹੁਲ' ਲੈਣ ਤੱਕ

ਬਾਬਾ ਬੰਦਾ ਸਿੰਘ ਬਹਾਦੁਰ ਨੇ ਅਠ੍ਹਾਰਵੀਂ ਸਦੀ ਵਿੱਚ ਜ਼ਾਲਮ ਹਕੂਮਤ ਦੇ ਖ਼ਿਲਾਫ਼ ਜਦੋਜਹਿਦ ਹੀ ਨਹੀਂ ਕੀਤੀ, ਸਗੋਂ ਸੰਸਾਰ ਦੇ ਗੌਰਵਮਈ ਇਤਿਹਾਸ ਵਿੱਚ ਵੀਰਤਾ ਅਤੇ ਫ਼ਤਿਹਯਾਬੀਆਂ ਹਾਸਲ ਕਰਕੇ ਪੰਜਾਬ ਦੀ ਪਵਿੱਤਰ ਧਰਤੀ ਉੱਤੇ ਸੁਤੰਤਰ ਖਾਲਸਾ ਰਾਜ ਦਾ ਝੰਡਾ ਗੱਡਣ ਵਾਲਾ ਪਹਿਲਾਂ ਸੰਸਥਾਪਕ ਬਣਿਆ।

ਸਿੱਖ ਪੰਥ ਦੇ ਲਾਸਾਨੀ ਸ਼ਹੀਦ ਬਾਬਾ ਬੰਦਾ ਸਿੰਘ ਬਹਾਦੁਰ ਦੇ ਜਨਮ ਸਥਾਨ ਬਾਰੇ ਕੁੱਝ ਲੇਖਕਾਂ ਦੇ ਮਤਭੇਦ ਹਨ। ਇਸ ਮਤਭੇਦ ਦੀ ਸ਼ੁਰੂਆਤ ਸਭ ਤੋਂ ਪਹਿਲਾਂ ਫ਼ਾਰਸੀ ਲਿੱਖਤਾਂ ਇਬਰਤਨਾਮਾ[1](1723 ਈ.) ਅਤੇ ਰਿਸਾਲਾ ਦਰ ਅਹਿਵਾਲ ਨਾਨਕ ਸ਼ਾਹ ਦਰਵੇਸ਼[2] (1783 ਈ.) ਨੇ ਕੀਤੀ। ਕਈ ਇਤਿਹਾਸਕਾਰਾਂ ਨੇ ਉਸ ਨੂੰ ਨਾਹਨ[3] (ਸਿਰਮੋਰ ਰਿਆਸਤ) ਅਤੇ ਕਈਆਂ ਨੇ ਮੈਂਡਰ[4] (ਪੁਣਛ) ਜਨਮ ਸਥਾਨ ਸਿੱਧ ਕਰਨ ਦੇ ਯਤਨ ਕੀਤੇ ਹਨ। ਪਰ ਬਹੁਤੇ ਪ੍ਰਸਿੱਧ ਇਤਿਹਾਸਕਾਰਾਂ ਨੇ ਬੰਦਾ ਸਿੰਘ ਬਹਾਦੁਰ ਦਾ ਜਨਮ ਸਥਾਨ ਰਾਜੌਰੀ (ਕਸ਼ਮੀਰ) ਲਿਖਿਆ ਹੈ। ਇਸੇ ਨਿਰੰਤਰਤਾ ਦੇ ਆਸ਼ੇ ਨਾਲ ਉਸ ਦੀਆਂ ਜਨਮ ਸਥਾਨ ਦੀਆਂ ਪੈੜਾਂ ਲੱਭਣ ਦੇ ਯਤਨ ਕੀਤੇ ਗਏ ਹਨ। ਇਸ ਤੋਂ ਪਹਿਲਾਂ ਅਸੀਂ 'ਰਾਜੌਰੀ' ਦੇ ਤਵਾਰੀਖੀ ਪੈਰਾਡਾਇਮ ਤੇ ਪੰਛੀ ਝਾਤ ਮਾਰਨ ਦਾ ਉਪਰਾਲਾ ਕਰਾਂਗੇ।

ਰਾਜੌਰੀ ਦਾ ਅਕਸ਼ਾਸ਼ 33" 15 ਅਤੇ ਰੇਖਾਸ਼ ਦਸ਼ੀਂਤਰ 74" 15 ਹੈ। ਇਹ ਸਰਹੱਦੀ ਖਿਤਾ 1 ਜਨਵਰੀ 1968 ਈ. ਨੂੰ ਜ਼ਿਲਾ ਬਣਿਆ ਹੈ। ਰਾਜੌਰੀ ਜ਼ਿਲੇ ਦੀਆਂ ਹੱਦਾਂ ਜੰਮੂ, ਪੁਣਛ ਅਤੇ ਰਿਆਸੀ ਨਾਲ ਘੇਰੀਆਂ ਹੋਈਆਂ ਹਨ। ਰਾਜੌਰੀ ਦੀ ਤਵਾਰੀਖ਼ ਦੱਸਦੀ ਹੈ ਕਿ ਇਹ ਖਿੱਤਾ ਕਿਸੇ ਸਮੇਂ ਭਿੰਬਰਗਲੀ ਅਤੇ ਨੌਸ਼ਹਿਰਾ ਸਮੇਤ 'ਅਬੀਸ਼ੇਰ' ਦਾ ਹਿੱਸਾ ਮੰਨਿਆ ਜਾਂਦਾ ਸੀ ਜੋ ਪੰਜਾਬ ਸਲਤਨਤ ਦਾ ਪਹਾੜੀ ਖੇਤਰ ਕਰ ਕੇ ਜਾਣਿਆ ਜਾਂਦਾ ਸੀ। ਤਜਾਰਤ ਪਖੋਂ ਇਹ ਖਿੱਤਾ ਮੁੱਖ ਕੇਂਦਰ ਰਿਹਾ ਹੈ। ਮੁਗਲਾਂ ਦੇ ਸਮੇਂ ਰਾਜੌਰੀ ਦੇ ਹਾਕਮਾਂ ਨੂੰ ਮੁਸਲਮਾਨ ਬਣਾਇਆ ਗਿਆ ਸੀ। ਪੁਰਾਤਨ ਤਵਾਰੀਖ਼ ਅਨੁਸਾਰ ਜਦੋਂ ਆਰੀਆ ਪਰਵਾਸੀਆਂ ਨੇ ਉੱਤਰ-ਪੱਛਮ ਹਿਮਾਲਿਆ ਪਹਾੜਾਂ ਨੂੰ ਪਾਰ ਕੀਤਾ ਤਾਂ ਉਹ ਰਾਜੌਰੀ ਅਤੇ ਪੁਣਛ ਖਿੱਤਿਆਂ ਵਿੱਚ ਆਬਾਦ ਹੋ ਗਏ। ਅਲਬਰੂਨੀ ਦੀ ਆਮਦ ਸਮੇਂ ਸੁਲਤਾਨ ਮਸੂਦ ਰਾਜੌਰੀ ਨੂੰ 'ਰਾਜਵੇਰੀ' ਦੱਸਦਾ ਸੀ। ਕਲ੍ਹਣ ਪੰਡਿਤ ਦੀ 'ਰਾਜਤ੍ਰਗਾਣੀ' ਵਿੱਚ ਵੀ 'ਰਾਜਵੇਰੀ' ਲਿਖਿਆ ਮਿਲਦਾ ਹੈ।'ਰਾਜਗਾਨ-ਏ-ਰਾਜੌਰ'ਦੇ ਲੇਖਕ ਜ਼ਫ਼ਰਉਲਾ ਖ਼ਾਨ ਅਨੁਸਾਰ ਇਹ ਪਹਿਲਾਂ ਰਾਜ-ਅੱਵਰ ਰਾਜੌਰ ਅਤੇ ਬਾਅਦ ਵਿਚ ਰਾਜੌਰੀ ਕਰ ਕੇ ਪ੍ਰਸਿੱਧ ਹੋਇਆ।ਇਸ ਦਾ ਨਾਂ ਸਮੇਂ-ਸਮੇਂ ਬਦਲਦਾ ਰਿਹਾ ਹੈ ਜਿਵੇਂ ਰਾਜ਼ਸ਼ ਰਾਜ-ਅੱਵਰ, ਰਾਜਪੁਰੀ, ਰਾਜੱਵਰੀ, ਰਾਜਵਾਰਾ, ਰਾਜੌਰ ਅਤੇ ਅੱਜਕਲ੍ਹ ਰਾਜੌਰੀ ਪ੍ਰਸਿੱਧ ਹੈ। ਚੀਨੀ ਯਾਤਰੂ ਹੂਨਸਾਂਗ ਇਸ ਖਿੱਤੇ ਨੂੰ 632 ਈ. ਵਿੱਚ ਕਸ਼ਮੀਰ ਦਾ ਹਿੱਸਾ ਦੱਸਦਾ ਹੈ।1813 ਈ. ਵਿੱਚ ਸਿੱਖ ਫ਼ੌਜਾਂ ਨੇ ਰਾਜੌਰੀ ਨੂੰ ਸਿੱਖ ਸਲਤਨਤ ਦਾ ਹਿੱਸਾ ਬਣਾਇਆ। ਰਾਜੌਰੀ ਤੇ ਸਮੇਂ ਸਮੇਂ ਕਈ ਰਾਜਿਆਂ ਨੇ ਰਾਜ ਕੀਤਾ।

ਮੁਗਲਾਂ ਦੇ ਸਮੇਂ ਬੰਦਾ ਸਿੰਘ ਬਹਾਦੁਰ ਦੀ ਹਰ ਪੱਖੋਂ ਪਹਾੜੀ ਰਾਜੇ ਮੱਦਦ ਵੀ

ਕਰਦੇ ਰਹਿੰਦੇ ਸਨ। ਬੰਦਾ ਸਿੰਘ ਦੇ ਪਹਾੜੀ ਰਾਜਿਆਂ ਨਾਲ ਗੂੜੇ ਸੰਬੰਧ ਸਨ। ਆਮਤੌਰ ਤੇ ਪਹਾੜੀ ਰਾਜੇ ਮੁਗਲਾਂ ਦੇ ਫ਼ਰਮਾਨਾਂ ਨੂੰ ਦਰ-ਕਿਨਾਰ[5] ਕਰਦੇ ਸਨ। ਜਦੋਂ ਬੰਦਾ ਸਿੰਘ ਤੇ ਮੈਦਾਨਾਂ ਵਿੱਚ ਸਖੱਤੀ ਹੁੰਦੀ ਤਾਂ ਉਹ ਪਹਾੜੀ ਇਲਾਕਿਆਂ[6] ਵਿੱਚ ਆ ਜਾਂਦਾ ਸੀ। ਇਹ ਪਹਾੜੀ ਇਲਾਕਾ ਉਸ ਦੀ ਅਸਲੀ ਜਨਮ ਭੂਮੀ ਵੀ ਸੀ। ਅਜਿਹੇ ਸੰਕੇਤਾਂ ਦੀ ਨਿਸ਼ਾਨਦੇਹੀ 'ਅਖਬਾਰਾਤਿ-ਇ-ਦਰਬਾਰ-ਇ-ਮੁੱਅਲਾ' ਤੋਂ ਵੀ ਹੁੰਦੀ ਹੈ। ਇੱਥੇ ਇਹ ਦੱਸਣਾ ਵੀ ਉੱਚਿਤ ਹੈ ਕਿ ਰਾਜਪੂਤ ਰਾਜਾ ਗਜੈ ਸਿੰਘ ਦੇ ਅਹਿਦ ਵਿੱਚ ਉਸ ਦੀ ਬੇਨਤੀ ਤੇ ਗੁਰੂ ਗੋਬਿੰਦ ਸਿੰਘ 1692 ਈ. ਵਿੱਚ ਜੰਮੂ[7] ਆਏ ਸਨ। ਇਸੇ ਰਾਜੇ ਗਜੈ ਸਿੰਘ ਦੇ ਛੋਟੇ ਬੇਟਾ ਰਾਜਾ ਧਰੂਦੇਵ[8] ਹੋਇਆ ਹੈ ਜਿਸ ਨੇ 1703 ਤੋਂ ਲੈ ਕੇ 1735 ਈ. ਤੱਕ ਜੰਮੂ ਤੇ ਰਾਜ ਕੀਤਾ। ਰਾਜਾ ਧਰੂਦੇਵ ਜਦੋਂ ਵੀ ਕਿਸੇ ਜੰਗ ਵਿੱਚ ਜਾਂਦਾ ਸੀ ਗੁਰੂ ਸਾਹਿਬ ਵਲੋਂ ਬਖਸ਼ੀ (ਯਾਦ ਰਹੇ ਗੁਰੂ ਸਾਹਿਬ ਨੇ ਇਸ ਦੇ ਚਾਚੇ ਰਾਜਪੂਤ ਜਸਵੰਤ ਸਿੰਘ ਨੂੰ ਬਰਛੀ ਬਖਸ਼ੀ ਸੀ) ਬਰਛੀ ਸਨਮੁੱਖ ਅਰਦਾਸ ਕਰ ਕੇ ਜਾਂਦਾ ਸੀ।

ਬਾਬਾ ਬੰਦਾ ਸਿੰਘ ਅਤੇ ਰਾਜਾ ਧਰੂਦੇਵ ਮੁਗਲ ਫੌਜਾਂ ਨੂੰ ਜੰਮੂ ਦੇ ਆਸਪਾਸ ਰਿਆਸਤਾਂ 'ਚੋਂ ਬਾਹਰ ਕੱਢਣ[9] ਵਿੱਚ ਯਤਨਸ਼ੀਲ ਰਹਿੰਦੇ ਸਨ। ਬਾਬਾ ਬੰਦਾ ਸਿੰਘ ਅਤੇ ਰਾਜਾ ਧਰੂਦੇਵ ਦੀਆਂ ਨਿੱਕਟ ਆਪਸੀ ਸੰਬੰਧਿਤ ਗਵਾਹੀਆਂ ਦਾ ਸੰਖੇਪ ਵੇਰਵਾ ਦੀ ਦ੍ਰਿਸ਼ਟੀਗੋਚਰ ਹੁੰਦਾ ਹੈ ਪਰ ਇਹ ਵਿਸ਼ਾ ਖੋਜ-ਤਲਬ ਹੈ। ਇਸ ਨੇੜਤਾ ਦਾ ਕਾਰਨ ਧਰੂਦੇਵ ਦੇ ਪਿਤਾ ਰਾਜਾ ਗਜੈ ਸਿੰਘ ਅਤੇ ਗੁਰੂ ਗੋਬਿੰਦ ਸਿੰਘ ਦੀ ਦੋਸਤੀ ਤੇ ਟਿੱਕਿਆ ਹੋਇਆ ਸੀ। ਬਾਈ-ਧਾਰ ਦੀਆਂ ਰਿਆਸਤਾਂ ਵਿੱਚੋਂ ਡੋਗਰਾ ਹੱਦਬੰਦੀ ਵਿੱਚ ਯਾਰਾਂ ਰਿਆਸਤਾਂ[10] ਆਉਂਦੀਆਂ ਸਨ।

ਬਾਬਾ ਬੰਦਾ ਸਿੰਘ ਬਹਾਦੁਰ ਦਾ ਜਨਮ ਡੱਡਾਂਵਾਲੀ ਬਾਵਲੀ ਦੇ ਉੱਪਰ ਦਸਲ ਪਹਾੜੀ, ਗੁਰਧਨ ਪਾਈਨ, ਪਟਵਾਰਾ ਹੱਲਕਾ ਫ਼ਤਹਿਪੁਰ (ਤਹਿਸੀਲ ਅਤੇ ਜ਼ਿਲ੍ਹਾ ਰਾਜੌਰੀ (ਕਸ਼ਮੀਰ) ਵਿੱਚ ਹੋਇਆ। ਉਸ ਦੇ ਪਿਤਾ ਦਾ ਨਾਂ ਰਾਮਦੇਵ ਸਾਸਨ ਅਤੇ ਮਾਤਾ ਦਾ ਨਾਂ ਰਾਮਦੇਈ (ਰਾਮੋ) ਸੀ। ਰਾਮਦੇਵ ਇਕ ਰਾਜਪੂਤ ਕਿਰਸਾਣ ਸੀ ਜੋ ਭਾਰਦਵਾਜ ਗੋਤ ਨਾਲ ਸੰਬੰਧ ਰੱਖਦਾ ਸੀ। ਮਾਤਾ-ਪਿਤਾ ਨੇ ਇਸ ਨਵੇਂ ਬੱਚੇ ਦਾ ਨਾਮ ਲਛਮਣ ਦੇਵ (ਲਛਮਣ ਸਿੰਘ) ਰੱਖਿਆ। ਇਸ ਦਾ ਜਨਮ 16 ਅਕਤੂਬਰ 1670 ਈ.[11] (ਕਤੱਕ ਸੁਦੀ 13, 1727 ਬਿਕਰਮੀ) ਨੂੰ ਡੱਡਾਂਵਲੀ ਬਾਵਲੀ ਲਾਗੇ ਦਸਲ ਪਹਾੜੀ (ਰਾਜੌਰੀ) ਵਿੱਚ ਹੋਇਆ। ਬਾਬਾ ਜੀ ਦੇ ਜਨਮ ਰਾਜੌਰੀ ਵਾਲੇ ਸਥਾਨ ਬਾਰੇ ਜਿਨ੍ਹਾਂ ਪ੍ਰਸਿੱਧ ਇਤਿਹਾਸਕਾਰਾਂ ਨੇ ਚਾਨਣਾ ਪਾਇਆ ਹੈ, ਉਨ੍ਹਾਂ ਵਿੱਚ ਜ਼ਿਕਰਯੋਗ ਹਨ : ਡਾ. ਗੰਡਾ ਸਿੰਘ, ਸ੍ਰ. ਸੋਹਨ ਸਿੰਘ[12], ਸ੍ਰ. ਕਰਮ ਸਿੰਘ ਹਿਸਟੋਰੀਅਨ[13], ਵਿਲੀਅਮ ਇਰਵੱਨ[14], ਗਿ: ਸੋਹਣ ਸਿੰਘ ਸੀਤਲ[15] ਜੇ.ਐਸ. ਗਰੇਵਾਲ[16], ਸ੍ਰ. ਤੇਜ ਸਿੰਘ[17], ਨਰਗਸ ਦਾਸ ਨਰਗਸ[18], ਹਰਬੰਸ ਸਿੰਘ[19], ਕਿਰਪਾਲ ਸਿੰਘ[20], ਗਿ: ਗਿਆਨ ਸਿੰਘ[21], ਖੁਸ਼ਵੰਤ ਸਿੰਘ ਆਦਿ।

ਬੰਦਾ ਸਿੰਘ ਬਾਰੇ ਇਕ ਪੁਰਾਤਨ ਪੋਥੀ ਵਿੱਚ ਇਸ ਤਰ੍ਹਾਂ ਜ਼ਿਕਰ ਆਉਂਦਾ ਹੈ, " ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਿਲਨੇ ਤੋਂ ਪਹਿਲੇ ਬੰਦੇ ਬਹਾਦਰ ਦੀ ਕਥਾ ਇਕ ਪੁਰਾਣੀ ਪੋਥੀ ਵਿੱਚ ਇਸ ਤਰ੍ਹਾਂ ਲਿਖੀ ਹੈ ਕਿ ਏਹ ਬੰਦਾ ਪਹਿਲੇ ਕਸਬੇ ਰਾਜੌਰੀ, ਪਰਗਾਣੇ ਪੁਣਛ ਦਾ ਰਾਜਪੂਤ ਸੀ। ਸੰਮਤ 1727 ਬਿਕਰਮੀ ਕਤੱਕ ਸੁਦੀ 13 ਨੂੰ ਰਾਮਦੇਵ ਛਤ੍ਰੀ ਦੇ ਘਰ

ਪੈਦਾ ਹੋਯਾ, ਜੋ ਦੋ ਤਿੰਨ ਪਿੰਡਾਂ ਦਾ ਮਾਲਕ ਸੀ, ਨਾਮ ਏਸ ਦਾ ਲਛਮਨ ਦੇਵ ਰਖੱਯਾ। ਇਹ ਛੋਟੀ ਉਮਰ ਵਿਚ ਹੀ ਬਹੁਤ ਤੇਜ਼ ਸੁਭਾਵ ਤੇ ਤਾਕਤਵਰ ਸੀ। ਸ਼ਸਤ੍ਰ ਵਿਦਯਾ ਭਾਵ ਹਰ ਪ੍ਰਕਾਰ ਦੀ ਜੈਸੀ ਕੁ ਰਾਜਪੂਤਾਂ ਵਿੱਚ ਚਾਹੀਦੀ ਹੈ, ਸਭ ਸਿੱਖ ਲੀਤੀ।''[22]

ਬਾਬਾ ਬੰਦਾ ਸਿੰਘ ਬਹਾਦੁਰ ਦਾ ਜਨਮ 'ਡੱਡਾਂ ਵਾਲੀ ਬਾਵਲੀ' ਜੋ ਦਸਲ ਪਹਾੜੀ ਤੇ ਸਥਿੱਤ ਹੈ ਤੇ ਹੋਇਆ। ਇਸ ਦੀ ਗਵਾਈ ਉਰਦੂ ਦੀ ਪੁਸਤਕ[23] ਵਿੱਚ ਵੀ ਅੰਕਿਤ ਹੈ :

" بندہ بیراگی کا جنم [illegible] راجوری ڈڈاں والی باولی کے آپر دسل پہاڑی
پر ہوا تھا۔ آپ کا اصلی نام لچھمن سنگھ تھا اور یہ ایک راجپوت
گھرانے سے تعلق رکھتا تھا۔ لچھمن سنگھ جس سے بندہ بہادر بنایا گیا تھا "

'ਡੱਡਾਂ ਵਾਲੀ ਬਾਵਲੀ' ਨੂੰ ਲੱਭਣ ਵਾਸਤੇ ਬਾਬਾ ਬੰਦਾ ਸਿੰਘ ਬਹਾਦੁਰ ਸਿੱਖ ਨੌਜਵਾਨ ਸਭਾ[24] ਰਾਜੌਰੀ (ਰਜਿ.) ਦੀ ਵਿਸ਼ੇਸ਼ ਭੂਮਿਕਾ ਰਹੀ ਹੈ। ਇਸ ਦੇ ਨੌਜਵਾਨਾਂ ਨੇ ਪੁਰਾਣੇ ਬਜ਼ੁਰਗਾਂ ਦੇ ਅਦਾਲਤੀ ਬਿਆਨ ਵੀ ਕਲਮਬੰਦ ਕੀਤੇ ਹਨ। ਇਨ੍ਹਾਂ ਬਜ਼ੁਰਗਾਂ ਨੇ ਦੱਸਿਆ ਹੈ ਕਿ ਪੀੜ੍ਹੀਆਂ-ਦਰ-ਪੀੜ੍ਹੀਆਂ ਆਪਣੇ ਬਜ਼ੁਰਗਾਂ ਤੋਂ ਸੁਣਦੇ ਆਏ ਹਾਂ ਕਿ 'ਡੰਡਾਂ ਵਾਲੀ ਬਾਵਲੀ' ਗੁਰਧਨ ਪਾਈਨ ਪਿੰਡ ਦਾ ਹਿੱਸਾ ਹੈ। ਇਸ ਦਾ ਜ਼ਿਕਰ ਮਾਲ ਵਿਭਾਗ ਦੇ ਕਾਗਜ਼ਾਂ ਵਿੱਚ ਵੀ ਮੌਜੂਦ ਹੈ। ਇਸ ਦੇ ਖਸਰਾ ਨੰਬਰਾਂ 281, 281/1 ਅਤੇ 282 ਵਿੱਚ 'ਡੱਡਾਂ ਵਾਲੀ ਬਾਵਲੀ' ਦਾ ਨਾਂ ਮੌਜੂਦ ਹੈ। ਇਸ ਦਾ ਨਾਮਖੇਤ 'ਦਸਲ ਪਹਾੜੀ' ਹੈ। ਬਾਬਾ ਬੰਦਾ ਸਿੰਘ ਬਹਾਦੁਰ ਨੌਜਵਾਨ ਸਭਾ ਦੇ ਮੈਂਬਰ ਜਮਾਂਬੰਦੀ ਅਤੇ ਖਸਰਾ ਗਿਰਦਾਵਾਰੀ ਵਿੱਚ 'ਡੰਡਾਂ ਵਾਲੀ ਬਾਵਲੀ' ਦੇ ਇੰਦਰਾਜ ਨੂੰ ਅੰਕਿਤ ਕਰਨ ਲਈ ਵਚਨਬੱਧ ਹਨ। ਇਹ ਸਥਾਨ ਕਈ ਸਦੀਆਂ ਗੁਮਨਾਮੀ ਦੀ ਹਾਲਤ ਵਿੱਚ ਪਿਆ ਰਿਹਾ ਹੈ। ਬਾਬਾ ਜੀ ਦੇ ਜਨਮ ਸਥਾਨ ਬਾਰੇ ਤਵਾਰੀਖੀ ਪਰੱਤਾਂ ਦੇ ਰਹੱਸ ਤੋਂ ਪਰਦਾ ਚੁੱਕਣ ਲਈ ਨਿਸ਼ਾਨਦਈ ਕਰਨ ਦਾ ਯਤਨ ਕੀਤਾ ਗਿਆ ਹੈ।

ਬਾਬਾ ਬੰਦਾ ਸਿੰਘ ਬਹਾਦੁਰ ਦਾ ਬਚਪਨ ਆਮ ਰਾਜਪੂਤ ਬੱਚਿਆਂ ਵਾਂਗ ਹੀ ਪਹਾੜੀ ਇਲਾਕੇ ਦੀਆਂ ਜੂਆਂ ਤੇ ਬਸਰ ਹੋਇਆ। ਉਸ ਦੀ ਵੱਡੀ ਭੈਣ ਸ਼ੋਭਾ ਦੇਈ ਸੀ ਅਤੇ ਇੱਕ ਛੋਟਾ ਭਰਾ ਸਹਦੇਵ ਸੀ, ਜੋ ਸੰਤਾਨ-ਹੀਣ ਹੀ ਗੁਜ਼ਰ ਗਿਆ ਸੀ। ਸ਼ਿਕਾਰ ਖੇਡਣ ਦਾ ਬੜਾ ਸ਼ੌਕੀਨ ਸੀ ਅਤੇ ਘੋੜ-ਸਵਾਰੀ ਵਿੱਚ ਨਿਪੁੰਨ ਹੋ ਗਿਆ। ਖੇਤੀਬਾੜੀ ਵਿੱਚ ਪਿਤਾ ਦੀ ਹਮੇਸ਼ਾਂ ਮੱਦਦ ਕਰਦਾ ਸੀ। ਰਾਜੌਰੀ ਵਿੱਚ ਹੀ ਲਛਮਣ ਦਾਸ ਦਾ ਮਾਮਾ ਭਾਈ ਵਸਾਵੇ ਸੂਦਨ ਰਹਿੰਦੇ ਸਨ, ਜਿਨ੍ਹਾਂ ਨਾਲ ਸ਼ਿਕਾਰ ਖੇਡਣ ਦੂਰ ਦੁਰਾਡੇ ਤੱਕ ਜਾਂਦੇ ਸਨ। ਭਾਈ ਵਿਸਾਵਾ ਲਛਮਣ ਦਾਸ ਦਾ ਜਿਗਰੀ ਦੋਸਤ ਅਤੇ ਨਿਕਟਵਰਤੀ ਰਿਸ਼ਤੇਦਾਰ ਵੀ ਸੀ। ਇਹ ਦੋਵੇਂ ਬਚਪਨ ਵਿੱਚ ਸ਼ਿਕਾਰ ਖੇਡਣ ਇੱਕਠੇ ਰਾਜੌਰੀ, ਮੈਂਡਰ ਆਦਿ ਵੱਲ ਜਾਂਦੇ ਸਨ। ਇਨ੍ਹਾਂ ਦੀ ਆਪਸੀ ਸਾਂਝ ਕਾਰ-ਵਿਹਾਰਾਂ ਵਿੱਚ ਵੀ ਗੂੜੀ ਸੀ। ਇਸ ਭਾਈ ਵਿਸਾਵੇ ਦੇ ਘਰ ਪੁੱਤਰ ਜਸੂ ਹੋਇਆ ਜਿਸ ਦੇ ਘਰ ਵਿੱਚ ਪੁਣਛੂ[25] ਨਾਮ ਦਾ ਬਾਲਕ ਹੋਇਆ।

ਜਦੋਂ ਲਛਮਣ ਦਾਸ ਮੈਂਡਰ ਵਾਲੇ ਪਾਸੇ ਸ਼ਿਕਾਰ ਲਈ ਜਾਂਦੇ ਸਨ ਤਾਂ ਉਨ੍ਹਾਂ ਨਾਲ ਭਾਈ ਵਿਸਾਵਾ ਵੀ ਹੁੰਦਾ ਸੀ। ਪੁਰਾਤਨ ਪੋਥੀ ਵਿੱਚ ਇਸ ਤਰ੍ਹਾਂ ਜ਼ਿਕਰ ਆਉਂਦਾ ਹੈ,

"ਇਕ ਦਿਨ ਏਸ ਨੇ ਸ਼ਿਕਾਰ ਵਿੱਚ ਇਕ ਹਰਨੀ ਮਾਰੀ, ਉਸਦੇ ਪੇਟ ਵਿਚ੍ਹੋ ਦੋ ਬੱਚੇ ਨਿਕਲੇ ਜੋ ਥੋੜੀ ਦੇਰ ਪਿਛੋਂ ਤੜਫ ਤੜਫ ਕੇ ਮਰ ਗਏ। ਉਥੋਂ ਲਛਮਣ ਦੇਵ ਨੂੰ ਐਸੀ ਗੈਰਤ ਆਹੀ ਜਿਸ ਤੋਂ ਵੈਰਾਗ ਹੋ ਗਿਆ। ਸਭ ਕੰਮਕਾਰ, ਜੀਵ ਹਿੰਸਾਂ ਆਦਿਕ ਛੱਡ ਕੇ ਜਾਨਕੀ ਪਰਸਾਦ ਵੈਰਾਗੀ ਫ਼ਕੀਰ ਜੋ ਰਾਜੌਰੀ ਰਿਹਾ ਕਰਦਾ ਸੀ, ਉਸਦੀ ਸੰਗਤ ਤੇ ਭਜਨ ਭਗਤੀ ਕਰਨ ਲੱਗ ਪਿਆ...।"[26]

ਇਕ ਵਾਰ ਜਦੋਂ ਲਛਮਣ ਦਾਸ ਦੀ ਕਮਾਨੋਂ ਤੋਂ ਨਿਕਲੇ ਤੀਰ ਨਾਲ ਗਰਭ ਹੀਰਨੀ ਜ਼ਖਮੀ ਹੋਈ ਤਦ ਉਸ ਦੇ ਪੇਟ ਵਿੱਚੋਂ ਦੋ ਬੱਚੇ ਧਰਤੀ ਤੇ ਆ ਡਿੱਗੇ ਅਤੇ ਤੜਪ-ਤੜਪ ਕੇ ਦਮ ਤੋੜ ਗਏ। ਬੱਚਿਆਂ ਦੀ ਮਾਂ ਵੀ ਸ਼ਿਕਾਰੀ ਨੂੰ ਘੂਰਦੀ ਹੋਈ ਖ਼ਤਮ ਹੋ ਗਈ। ਇਹ ਦ੍ਰਿਸ਼ ਦੇਖ ਕੇ ਲਛਮਣ ਦਾਸ ਕੰਬ ਉਠਿਆ ਅਤੇ ਉਸੇ ਸਮੇਂ ਆਪਣਾ ਤੀਰ ਤੇ ਕਮਾਨਾਂ ਨੂੰ ਭੰਨ ਕੇ ਅਹਿੰਸਵਾਦੀ ਬਣ ਗਿਆ। ਉਹ ਆਪਣੇ ਘਰ ਰਾਜੌਰੀ ਆ ਕੇ ਬੈਰਾਗੀ ਸਾਧੂ ਪੰਡਤ ਜਾਨਕੀ ਦਾਸ ਦਾ ਚੇਲਾ ਬਣ, ਮਾਧੋ ਦਾਸ ਪ੍ਰਸਿੱਧ ਹੋ ਗਿਆ। ਜਾਨਕੀ ਦਾਸ ਰਾਜੌਰੀ ਵਿੱਚ ਬੜਾ ਪ੍ਰਸਿੱਧ ਬੈਰਾਗੀ ਸੀ।

1686 ਈ. ਵਿੱਚ ਮਾਧੋਦਾਸ ਲਾਹੌਰ ਦੇ ਨਜ਼ਦੀਕ ਕਸੂਰ ਕਸਬੇ ਦੇ ਬਾਬਾ ਰਾਮ ਥੰਮਣ ਦੇ ਮੇਲੇ ਤੇ ਗਿਆ ਤਾਂ ਉਥੇ ਇੱਕ ਹੋਰ ਵੈਰਾਗੀ ਸਾਧੂ ਰਾਮਦਾਸ ਤੋਂ ਮਾਧੋਦਾਸ ਬੜਾ ਪ੍ਰਭਾਵਿਤ ਹੋਇਆ। ਉਥੇ ਹੀ ਉਸ ਦਾ ਚੇਲਾ ਬਣ ਗਿਆ। ਇਕ ਸਾਧੂਆਂ ਦੇ ਟੋਲੇ ਨਾਲ ਹਮਸਫ਼ਰ ਹੋ ਕੇ ਭਾਰਤ ਭਰ ਦੇ ਤੀਰਥਾਂ ਦੀ ਯਾਤਰਾ ਕੀਤੀ। ਘੁੰਮਦਾ ਹੋਇਆ ਮਾਧੋਦਾਸ ਰਮਣੀਕ ਜੰਗਲਾਂ ਲਾਗੇ ਨਾਸਕ, ਪੰਚਵਟੀ ਅਸਥਾਨ ਤੇ ਜਾ ਡੇਰੇ ਲਾਏ। ਇੱਥੇ ਉਹ ਕਈ ਵਰ੍ਹੇ ਜਪ-ਤਪਿ ਵਿੱਚ ਲੀਨ ਰਿਹਾ। ਇੱਥੇ ਇੱਕ ਮਸ਼ਹੂਰ ਜੋਗੀ ਔਗੜ ਨਾਥ ਰਹਿੰਦਾ ਸੀ, ਜੋ ਤੰਤਰ ਵਿੱਦਿਆ ਵਿੱਚ ਨਿਪੁੰਨ ਸੀ। ਆਖਰ ਮਾਧੋਦਾਸ, ਔਗੜ ਨਾਥ ਦਾ ਚੇਲ੍ਹਾ ਬਣ ਕੇ ਤਹਿ-ਦਿਲੋਂ ਉਸ ਦੀ ਸੇਵਾ ਵਿੱਚ ਜੁੱਟ ਗਿਆ। ਜੋਗੀ ਔਗੜ ਨਾਥ, ਮਾਧੋਦਾਸ ਦੀ ਸੇਵਾ ਤੋਂ ਇਨ੍ਹਾਂ ਪ੍ਰਭਾਵਿਤ ਹੋਇਆ ਕਿ ਉਸ ਨੇ ਇਸ ਨੂੰ ਜੰਤ੍ਰਾਂ-ਮੰਤ੍ਰਾਂ ਤੇ ਰਿਧੀਆਂ-ਸਿਧੀਆਂ ਦੇ ਗੁਝੇ ਭੇਦਾਂ ਦੇ ਭੰਡਾਰ ਦਾ ਖਜ਼ਾਨਾ ਬਖਸ਼ ਦਿੱਤਾ। ਔਗੜ ਨਾਥ ਆਪਣੀ ਪੋਥੀ ਤੇ ਮਾਲਾ ਮਾਧੋਦਾਸ ਨੂੰ ਭੇਟ ਕਰ ਕੇ ਗੁਰਪੁਰੀ ਸਿਧਾਰ ਗਿਆ। ਆਪਣਾ ਪੱਕਾ ਡੇਰਾ ਸਥਾਪਤ ਕਰਨ ਲਈ ਮਾਧੋਦਾਸ ਨੇ ਦਸ਼-ਰਤਨ ਸ਼ੁਰੂ ਕੀਤਾ। ਮਾਰਚ 1695 ਈ. ਨੂੰ ਉਹ ਹਰਿਦੁਆਰ ਕਨਖੰਲ ਆਇਆ। ਗੁਰੂ ਗੋਬਿੰਦ ਸਿੰਘ ਵੀ ਉਸ ਪਾਸੇ ਆਏ ਹੋਏ ਸਨ,[27] ਜਿੱਥੇ ਮਾਧੋਦਾਸ ਨੇ ਗੁਰੂ ਸਾਹਿਬ ਦੇ ਪਹਿਲੀ ਵੇਰ ਦਰਸ਼ਨ ਕੀਤੇ ਸਨ। ਮਾਧੋਦਾਸ ਨੇ ਖੇਹੜੀ ਅਤੇ ਖੰਡਾਂ ਪਿੰਡਾਂ ਵਿਚਕਾਰ ਰਮਣੀਕ ਥਾਂ ਤੇ ਆਪਣਾ ਡੇਰਾ ਕਾਇਮ ਕਰ ਦਿੱਤਾ। ਇਸੇ ਥਾਂ ਉਹ ਕਈ ਸਾਲ ਰਹਿ ਕੇ ਬੀਰਾ-ਰਾਧਣ ਤੇ ਮੰਤ੍ਰ-ਜੰਤ੍ਰ ਸਦਕਾ ਮਾਧੋਦਾਸ ਆਸ ਪਾਸ ਦੇ ਇਲਾਕਿਆਂ ਵਿੱਚ ਬੜਾ ਮਸ਼ਹੂਰ ਹੋ ਗਿਆ।

ਔਰੰਗਜ਼ੇਬ ਬਾਦਸ਼ਾਹ ਨੇ ਗੁਰੂ ਗੋਬਿੰਦ ਸਿੰਘ ਨੂੰ ਇੱਕ ਖੱਤ ਲਿਖ ਕੇ ਦੱਖਣ ਆਉਣ ਦਾ ਸੱਦਾ ਭੇਜਿਆ। ਇਸ ਚਿੱਠੀ ਦਾ ਜ਼ਿਕਰ ਗੁਰੂ ਸਾਹਿਬ ਨੇ ਸੰਕੇਤਕ ਤੌਰ ਤੇ ਜ਼ਫਰਨਾਮੇ ਵਿੱਚ ਵੀ ਕੀਤਾ ਹੈ। ਇਸੇ ਚਿੱਠੀ ਦੇ ਉੱਤਰ ਵਿੱਚ ਗੁਰੂ ਸਾਹਿਬ ਨੇ ਜ਼ਫਰਨਾਮਾ ਲਿਖਿਆ। ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਰਾਹੀਂ ਔਰੰਗਜ਼ੇਬ ਨੂੰ ਜ਼ਫਰਨਾਮਾ ਦੇ ਕੇ ਭੇਜਿਆ। ਜਦੋਂ ਕਾਫੀ ਸਮਾਂ ਭਾਈ ਦਇਆ ਸਿੰਘ ਨੂੰ ਹੋਇਆ ਤਾਂ ਗੁਰੂ

ਜੀ ਦੱਖਣ ਵੱਲ ਔਰਗਜ਼ੇਬ ਨਾਲ ਮੁਲਾਕਾਤ ਲਈ ਤੁਰ ਪਏ ਸਨ। ਗੁਰੂ ਸਾਹਿਬ ਅਜੇ ਬਘੌਰ ਹੀ ਪੁੱਜੇ ਸਨ ਕਿ ਔਰੰਗਜੇਬ ਦੀ ਮੌਤ ਦੀ ਖਬਰ ਆ ਗਈ। ਗੁਰੂ ਸਾਹਿਬ ਬਘੌਰ ਤੋਂ ਉੱਤਰ ਵੱਲ ਮੁੜ ਪਏ। ਗੁਰੂ ਜੀ ਕੋਲੋਂ ਸ਼ਹਿਜ਼ਾਦਾ ਮੁਹੰਮਦ ਮੁਅੱਜ਼ਮ ਨੇ ਜੰਗੀ ਸਹਾਇਤ ਲਈ ਬੇਨਤੀ ਕੀਤੀ। ਗੁਰੂ ਸਾਹਿਬ ਨੇ 2000- 3000 ਘੋੜਸਵਾਰ ਸਿੰਘ ਜਾਜੋਂ ਦੀ ਲੜਾਈ (8 ਜੂਨ 1707 ਈ.) ਲਈ ਮੱਦਦ ਲਈ ਭੇਜੇ। ਇਸ ਲੜਾਈ ਵਿੱਚ ਮੁਹੰਮਦ ਮੁਅੱਜ਼ਮ ਦੀ ਜਿੱਤ ਹੋਈ ਅਤੇ ਬਹਾਦਰਸ਼ਾਹ ਦੇ ਨਾਂ ਹੇਠ ਦਿੱਲੀ ਦਾ ਹੁਕਮਰਾਨ ਬਣਿਆ। ਵਜ਼ੀਰ ਖਾਨਿ-ਖਾਨਾਂ ਰਾਹੀਂ ਬਹਾਦਰਸ਼ਾਹ ਨੇ ਗੁਰੂ ਸਾਹਿਬ ਨੂੰ ਮਿਲਣ ਦੀ ਇੱਛਾ ਪ੍ਰਗਟ ਕੀਤੀ। ਬਹਾਦਰਸ਼ਾਹ ਨੇ ਗੁਰੂ ਗੋਬਿੰਦ ਸਿੰਘ ਦਾ ਮਾਣ-ਸਨਮਾਨ ਭਰੇ ਦਰਬਾਰ ਵਿੱਚ ਕੀਤਾ।

ਜਦੋਂ ਗੁਰੂ ਸਾਹਿਬ ਆਪਣੇ ਸਿੰਘਾਂ ਸਮੇਤ ਸੂਰਜ ਗ੍ਰਹਿਣ ਦੇ ਲੱਗੇ ਮੇਲੇ ਤੇ ਮਾਧੋਦਾਸ ਬੈਰਾਗੀ ਦੇ ਡੇਰੇ 'ਤੇ ਪੁੱਜੇ ਤਾਂ ਉਹ ਉੱਥੇ ਹਾਜ਼ਰ ਨਹੀਂ ਸੀ। ਫ਼ਾਰਸੀ ਦੀ ਪੁਸਤਕ 'ਅਮਰਨਾਮਾ' ਵਿੱਚ ਇਸ ਦਾ ਜ਼ਿਕਰ ਇੰਝ ਆਇਆ ਹੈ

"ਬ-ਨਾਲੈਨਿ ਚੋਬੀ ੳ ਯਕ ਕੂਜ਼ਾ ਸ਼ੀਰ।
ਬਿਆਰਾਸਤ ਸੱਜਾਦਾਏ ਚੂੰ ਸਰੀਰ॥੪॥
ਗਦਾ ਬੂਦ ਆਂ ਜਾ ਯਕੇ ਤੁੰਦ ਖ਼ੂ।
ਕਿ ਗੂਲੇ ਬਿਆਬਾਂ ਬ-ਤਸਖ਼ੀਰਿ ਊ॥੫॥
ਦਿਲਸ਼ ਬੇ-ਮੁਹਬੱਤ ਸਰਸ਼ ਪੁਰ-ਗ਼ਰੂਰ।
ਕਿ ਅਜ਼ ਆਬਿਦੋ ਹਕ-ਪ੍ਰਸਤਾਂ ਨਫ਼ੂਰ॥੬॥[28]

ਭਾਵ ਉੱਥੇ ਇਕ ਕੌੜੇ ਸੁਭਾਉ ਵਾਲਾ ਸਾਧੂ ਸੀ ਜਿਸ ਦੇ ਵੱਸ ਜੰਗਲੀ ਭੂਤ-ਪ੍ਰੇਤ ਸਨ। ਉਸ ਕੋਲ ਲੱਕੜੀ ਦੀਆਂ ਖੜਾਵਾਂ ਤੇ ਦੁੱਧ ਦੀ ਇੱਕ ਗੜਵੀ ਸੀ। ਉਸ ਨੇ ਆਪਣਾ ਆਸਣ ਸ਼ਾਹੀ-ਤਖ਼ਤ ਵਾਂਗ ਸਜਾਇਆ ਹੋਇਆ ਸੀ ਤੇ ਰੱਬ ਦੇ ਬੰਦਿਆਂ ਨੂੰ ਨਫ਼ਰਤ ਕਰਦਾ ਸੀ। ਅਜਿਹਾ ਜ਼ਿਕਰ 'ਭਟਵਾਹੀਆਂ' ਵਿੱਚ ਵੀ ਆਇਆ ਹੈ।

"ਗੁਰੂ ਗੋਬਿੰਦ ਸਿੰਘ ਜੀ ਮਹਲ ਦਸਮਾਂ..... ਸਾਲ ਸਤਰ੍ਹਾ ਸੋ ਪੈਂਸਠ ਕਾਰਤਿਕ ਪ੍ਰਵਿਸ਼ਟੇ-ਤੀਜ ਸ਼ੁਕਰਵਾਰ ਕੇ ਦਿਹੁ ਨਦੇੜ ਗਾਉਂ ਮੇ ਸੂਰਜ ਗ੍ਰਹਿਨ ਕੇ ਮੇਲੇ ਤੇ ਗੋਦਾਵਰੀ ਨਦੀ ਕੇ ਤੀਰ-ਜਾਨਕੀ ਪ੍ਰਸ਼ਾਦਿ ਕੇ ਚੇਲੇ ਮਾਧੋਦਾਸ ਕੇ ਡੇਰੇ ਮੇਂ ਆਇ ਗਏ। ਮਾਧੋਦਾਸ ਬੈਰਾਗੀ ਡੇਰੇ ਮੇਂ ਹਾਜ਼ਰ ਨਾ ਥਾ ਗੁਰੂ ਜੀ ਨੇ ਉਸ ਕੇ ਪਲੰਘ ਤੇ ਆਸਨ ਲਗਾ ਲੀਆ, ਤੀਜੇ ਪਹਿਰ-ਭਾਈ ਦੇਆ ਸਿੰਘ ਆਦਿ ਸਿੱਖਾਂ ਗੁਰੂ ਜੀ ਕਾ ਬਚਨ ਪਾਇ...ਲੰਗਰ ਤਿਆਰ ਕੀਆ"।[29]

ਬੰਦਾ ਗੋਦਾਵਰੀ ਤੋਂ ਬਾਹਰ ਆਇਆ ਤਾਂ ਸਾਰੀਆਂ ਬਕਰੀਆਂ ਲਹੂ-ਲੁਹਾਣ ਵੇਖੀਆਂ। ਉਸ ਨੇ ਗੁਰੂ ਗੋਬਿੰਦ ਸਿੰਘ ਉੱਤੇ ਪੰਜ ਬੀਰ ਮਾਰਨ ਲਈ ਉਤਾਵਲੇ ਸਨ। ਬੀਰਾਂ ਨੇ ਕਈ ਵਾਰ ਹਮਲੇ ਕੀਤੇ ਪਰ ਗੁਰੂ ਸਾਹਿਬ ਦੀ ਸ਼ਰਨ ਵਿੱਚ ਬਚੇ ਰਹੇ। ਆਖ਼ਰ ਬੀਰਾਂ ਜੰਗ ਬੰਦ ਕਰ ਦਿੱਤੀ ਕਿਉਂਕਿ ਸਿੰਘ ਉਨ੍ਹਾਂ ਤੇ ਭਾਰੂ ਹੋ ਗਏ। ਬੀਰ ਠਿੱਠ ਹੋ ਕੇ ਬੰਦੇ ਕੋਲ ਗਏ ਕਿਉਂਕਿ ਉਹ ਗੁਰੂ ਸਾਹਿਬ ਨਾਲ ਲੜਾਈ ਵਿੱਚ ਲਹੂ-ਲੁਹਾਣ ਹੋ ਗਏ ਸਨ।

"ਕਿ ਅਜ਼ ਗੋਦਰੀ ਬੰਦਾ ਆਮਦ ਬਿਰੂੰ।
ਹਮਾ ਦੀਦਾ ਊ ਗੋਸਫੰਦਾ ਬ-ਖੂੰ॥੨੬।
ਰਵਾਂ ਕਰਦ ਆਂ ਸੂਦਿ ਮਨ ਪੰਜ ਬੀਰ।
ਪਏ ਕੁਸ਼ਤਨਮ ਬੂਦ ਹਰ ਯਕ ਸ਼ਰੀਰ॥੨੭॥
ਬਸਾ ਬਰ ਸਰਮ ਦਾਸ਼ਤ ਬੀਰਾਂ ਬਲਾਂ।
ਮਨ ਏਮਨ ਸ਼ੁਦਾ ਦਰ ਪਨਾਏ ਖੁਦਾ ॥੨੮॥
ਹਮਾ ਵਕਤ ਬੀਰਾਂ ਦਰ ਜੰਗ ਬਸਤ।
ਕਿ ਗਸ਼ਤੰਦ ਸਿੰਘਾਨਿ ਮਨ ਚੀਰਾ ਦਸਤ॥੨੯॥
ਸੂਇ ਬੰਦਾ ਰਫਤੰਦ ਬੀਰਾਂ ਜ਼ਬੂੰ।
ਕਿ ਜ਼ੀ ਜੰਗਿ ਸਤਗੁਰ ਸਦਾ ਗੁਰਕਿ ਖੂੰ॥੩੦॥[30]

ਆਖਰ ਉਹ (ਬੰਦਾ) ਚਰਨੀ ਢਹਿ ਪਿਆ ਤੇ ਕ੍ਰਿਪਾ ਦ੍ਰਿਸ਼ਟੀ ਦਾ ਜਾਚਕ ਹੋਇਆ। ਮੈਂ ਪੰਜ ਸੁਤੰਤਰ- ਚਿੱਤ ਸਿੰਘਾਂ ਸਮੇਤ ਉਸ ਨੂੰ ਪੰਜਾਬ ਵੱਲ ਜਾਣ ਦੀ ਆਗਿਆ ਕੀਤੀ। ਜਿਵੇਂ ਮੈਨੂੰ ਪ੍ਰਭੂ ਦਾ ਹੁਕਮ ਹੋਇਆ ਤਿਵੇਂ ਮੈਂ ਇਸ ਦੁੱਖਾਂ-ਭਰੀ ਦੁਨੀਆਂ ਵਿੱਚ ਤਨੋ-ਮਨੋ ਅਮਲ ਕੀਤਾ।

" ਕਦਮ ਬੋਸੀਏ ਮਨ ਦਰਾਂ ਦਮ ਸ਼ੁਦਾ।
ਤਲਬਗਾਰਿ ਲੁਤਫ਼ੋ ਤ੍ਰਹੁੱਮ ਸ਼ੁਦਾ॥੫੬॥
ਫਰਿਸਤਾਦਨਸ਼ ਸੂਇ ਪੰਜਾਬ ਕਰਦ।
ਮਏ ਪੰਜ ਸਿੰਘਾਨਿ ਆਜ਼ਾਦ ਮਰਦ॥੫੭॥
ਚੂ ਫ਼ਰਮਾਨਿ ਏਜ਼ਦ ਅਤਾ ਸ਼ੁਦ ਬ-ਮਨ।
ਅਮਲ ਕਰਦਾ ਅਜ਼ ਦਿਲ ਬ-ਦਾਰੁਲ-ਮਹਨ॥੫੮॥[30]

ਸਯੱਦ ਅਹਿਮਦ ਸ਼ਾਹ ਨੇ ਆਪਣੀ ਕਿਤਾਬ ਵਿੱਚ ਮਾਧੋਦਾਸ ਅਤੇ ਗੁਰੂ ਗੋਬਿੰਦ ਸਿੰਘ ਵਿਚਕਾਰ ਹੋਈ ਮੁਫਤਗੂ ਨੂੰ ਇੰਝ ਬਿਆਨ ਕੀਤਾ ਹੈ।

ਮਾਧੋਦਾਸ--------- "ਆਪ ਕੌਣ ਹੋ?
ਗੁਰੂ ਸਾਹਿਬ--------- "ਜਿਨ੍ਹਾਂ ਨੂੰ ਤੂੰ ਜਾਣਦਾ ਏਂ"
ਮਾਧੋਦਾਸ------------ "ਮੈਂ ਕੀ ਜਾਣਦਾ ਹਾਂ?"
ਗੁਰੂ ਸਾਹਿਬ------------ "ਮੁੜ ਸੋਚ ਲੈ।"
ਮਾਧੋਦਾਸ------ "ਕੀ ਆਪ ਗੁਰੂ ਗੋਬਿੰਦ ਹੋ"?
ਗੁਰੂ ਸਾਹਿਬ------------------- "ਹਾਂ"
ਮਾਧੋਦਾਸ------- "ਆਪ ਇੱਥੇ ਕਿਸ ਲਈ ਆਏ ਹੋ?"

ਗੁਰੂ ਸਾਹਿਬ----------" ਮੈਂ ਤੈਨੂੰ ਸਿੱਧੇ ਰਾਹ ਪਾਉਣ ਅਤੇ ਆਪਣਾ ਸਿੱਖ ਬਣਾਉਣ ਲਈ ਆਇਆ ਹਾਂ।"

ਮਾਧੋਦਾਸ---------- ਮੈਂ ਹਾਜ਼ਰ ਹਾਂ, ਹਜ਼ੂਰ ਦਾ ਬੰਦਾ ਹਾਂ। ਆਪ ਦੇ ਹੁਕਮ ਦੀ ਪਾਲਣਾ ਲਈ ਹਰਦਮ ਤਿਆਰ ਹਾਂ।

ਦਸ਼ਮੇਸ਼ ਦੇ ਦਰਸ਼ਨ, ਉਦੇਸ਼ ਤੇ ਉਪਦੇਸ਼ ਦਾ ਅਜਿਹਾ ਤੀਖਣ ਤੇ ਫੌਰੀ ਅਸਰ ਹੋਇਆ ਕਿ ਮਾਧੋਦਾਸ ਸਦਾ ਲਈ ਉਨ੍ਹਾਂ ਦਾ 'ਬੰਦਾ' (ਗੁਲਾਮ ਜਾਂ ਦਾਸ) ਹੀ ਬਣ ਗਏ।[32]

'ਗੁਰ-ਪ੍ਰਣਾਲੀਆਂ' ਵਿੱਚ ਵੀ ਅਜਿਹੇ ਸੰਕੇਤ ਆਏ ਹਨ। "....ਅਰ ਬੰਦੇ ਦੀ ਬਾਰਤਾ ਇਹ ਹੈ ਕਿ ਸਾਹਿਬ ਦਸਮੀ ਪਾਤਿਸ਼ਾਹੀ ਕਾ ਭੇਜਿਆ ਹੂਆ, ਸਾਹਿਜਾਦੋ ਕਾ ਬਦਲਾ ਲੇਣੇ ਕਉ ਸਿਰਹੰਦ ਕੀ ਤਰਫ ਆਇਆ। ਬਹੁਤ ਮਲੇਛ ਨਾਸ ਕਰੇ।....ਪਹਲਾਂ ਬੈਰਾਗ ਭੇਸ। ਲਛਮਣ ਦਾਸ ਨਾਮ ਕਰ ਕੇ ਦੱਖਣ ਦੇਸ ਪਾਸੇ ਰਹਤਾ ਥਾ। ਬੀਰ ਬਸ ਕੀਏ ਹੋਏ ਥੇ। ਯਾ ਤੇ ਨਾਟਕ ਚੇਟਕ ਬਹੁਤ ਕਰਤਾ ਥਾ। ਸਾਹਿਬ ਉਸ ਕੇ ਪਲੰਘ ਪਰ ਜਾਇ ਬੈਠੇ। ਬੀਰ ਉਲਟ ਨ ਸਕੇ।ਗੁਰਾਂ ਕਾ ਪ੍ਰਤਾਪ ਦੇਖ ਕਰ ਸਿਖ ਹੋਆ। ਸਾਹਿਬਾਂ ਨੇ ਬੰਦਾ ਨਾਮ ਰਖਿਆ।"[33]

ਅਜਿਹਾ ਜ਼ਿਕਰ ਹੋਰ ਵੀ ਆਇਆ ਹੈ।"ਅਗੇ ਬਖਸ਼ 'ਖਾਲਸੇ' ਉੱਪਰ ਹੋਈ। ਹੁਕਮ ਸ੍ਰੀ ਸਤਿਗੁਰੂ ਦਸਵੇਂ ਪਾਤਿਸ਼ਾਹ ਦੇ ਨਾਲ 'ਬੰਦਾ ਜੀ' ਪ੍ਰਗਟ ਹੋਇਆ, ਨੌ ਮਹੀਨੇ ਅਤੇ ਨੌ ਦਿਨ ਪਿੱਛੇ ਸੰਮਤ 1766, ਸਾਵਣ ਦੀ 27। 'ਬੰਦਾ' ਲਛਮਣ ਦਾਸੁ ਬੈਰਾਗੀ।"[34]

ਗੁਰੂ ਗੋਬਿੰਦ ਸਿੰਘ ਸਾਹਿਬ ਨੇ 'ਖੰਡੇ ਦੀ ਪਾਹੁਲ' ਦੇ ਕੇ ਮਾਧੋਦਾਸ ਨੂੰ 'ਬੰਦਾ ਸਿੰਘ' ਬਣਾ ਦਿੱਤਾ ਅਤੇ ਬਹਾਦੁਰ ਦਾ ਖਿਤਾਬ ਵੀ ਦਿੱਤਾ। ਭਟੱਵਹੀਆਂ ਵਿੱਚ ਇਸ ਸਾਰੀ ਵਾਰਤਾ ਦਾ ਜ਼ਿਕਰ ਬਾ-ਖੂਬੀ ਕੀਤਾ ਗਿਆ ਹੈ।"ਮਾਧੋਦਾਸ ਨੇ ਚੇਲੋਂ ਸੇ ਡੇਰੇ ਕੀ ਸਾਰੀ ਬਾਰਤਾ ਸੁਨ ਆਗ ਭਗੌਲਾ ਹੋਇ ਡੇਰੇ ਮੇਂ ਆਇਆ। ਇਸੇ ਜਗਾ ਅਭਿਆਸ ਕੇ ਬਲ ਸੇ ਪਲੰਘ ਉਠਵਾਨਾ ਚਾਹਾ-ਪਲੰਘ ਸਮੇਰ ਪ੍ਰਬਤ ਕੀ ਤਰ੍ਹਾਂ ਅੱਚਲ ਹੋਇ ਗਿਆ। ਆਖਰ ਮਾਧੋਦਾਸ ਨੇ ਗੁਰੂ ਜੀ ਕੇ ਪਾਉ ਪਕੜ ਬਿਬ ਆਇ ਕੇ ਬੋਲਾ, ਮੁਝੇ ਰਾਖ ਲੈਨਾ – ਮੈਂ ਆਪ ਕੇ ਦਰ ਕਾ ਬੰਦਾ ਹਾਂ। ਸਤਿਗੁਰਾਂ ਇਸੇ ਬਾਜ਼ੂ ਸੇ ਪਕੜ ਆਪਣੇ ਸੀਨੇ ਨਾਲ ਲਾਇਆ। ਇਸੇ ਗੈਲ ਲੈ ਆਪਲੇ ਡੇਰੇ ਮੇਂ ਆਇ ਗਏ। ਅਗਲੇ ਦਿਵਸ ਇਸ ਕੇ ਅਰਜੋਈ ਖੰਡੇ ਕੀ ਪਾਹੁਲ ਦੇ ਕੇ ਖਾਲਸਾ ਬਨਾ ਦੀਆ।[35]

ਇੱਕ ਹੋਰ ਵਹੀ ਵਿਚ ਵੀ 'ਖੰਡੇ ਦੀ ਪਾਹੁਲ' ਦੇਣ ਦਾ ਵਰਨਣ ਆਇਆ ਹੈ :

"ਗੁਰੂ ਗੋਬਿੰਦ ਸਿੰਘ ਮਹਲ ਦਸਮਾ, ਬੇਟਾ ਗੁਰੂ ਤੇਗ ਬਹਾਦਰ ਜੀ ਕਾ ਸੰਮਤ ਸਤਰਾਂ ਸੈਂ ਪੈਂਸਠ ਅਸੁਵ ਦਿਹੁੰ ਚਾਰ ਗਏ, ਨਾਮ ਨਦੇੜ ਦੇਸ ਦੱਖਣ ਮੇਂ ਗੁਰੂ ਜੀ ਨੇ ਦੇਆ ਸਿੰਘ ਸੇ ਕਹਾ-ਮਾਧੋਦਾਸ ਸ਼ਸਤਰ ਬਸਤਰ ਸਜਾਇ ਹਾਥ ਮੇਂ ਨੇਜਾ ਪਕੜਿ ਗੁਰੂ ਜੀ ਕੇ ਸਾਹਮਣੇ ਆਇ ਖਲਾ ਹੂਆ। ਸਤਿਗੁਰਾਂ ਇਸੇ ਅਪਨੇ ਦਸਤਿ ਮੁਬਾਰਕ ਸੇ ਪਾਹੁਲ ਦੀ, ਬੰਦਾ ਸਿੰਘ ਨਾਉਂ ਰਾਖਾ। ਇਸੇ ਰਹਿਤ ਬਹਿਤ ਬਤਾਈ।"[36]

ਸੰਖੇਪ ਵਿੱਚ ਇਹ ਹੀ ਆਖਿਆ ਜਾ ਸਕਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦੁਰ ਦਾ ਜਨਮ 'ਡੱਡਾਂ ਵਾਲੀ ਬਾਵਲੀ' ਦੇ ਉੱਪਰ ਦਸਲ-ਪਹਾੜੀ (ਰਾਜੌਰੀ ਖ਼ਾਸ) ਵਿੱਚ

ਹੋਇਆ ਸੀ, ਜਿਸ ਦੀ ਵਿਵਰਣਾਤਮਿਕ ਸੂਚਨਾਂ ਅਤੇ ਪ੍ਰਮਾਣਿਕ ਗਵਾਹੀ ਮਾਲ ਦੇ ਕਾਗਜ਼ਾਂ ਵਿੱਚ ਸਾਂਭੀ ਹੋਈ ਹੈ। ਬਾਬਾ ਜੀ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦਸਤ-ਮੁਬਾਰਖ ਤੋਂ 'ਖੰਡੇ ਦੀ ਪਾਹੁਲ' ਲੈ ਕੇ ਗੁਰੂ ਸਾਹਿਬ ਨੇ ਇਸ ਦਾ ਨਾਂ ਬੰਦਾ ਸਿੰਘ ਰੱਖਿਆ ਅਤੇ 'ਬਹਾਦੁਰ' ਦਾ ਖ਼ਿਤਾਬ ਦੇ ਕੇ ਸਿੰਘਾਂ ਦਾ ਜਥੇਦਾਰ (ਚੀਫ਼ ਕਮਾਂਡਰ) ਥਾਪ ਕੇ ਪੰਜਾਬ ਵੱਲ ਰਵਾਨਾ ਕੀਤਾ ਸੀ।

****

☬ ਨਾਂਦੇੜ ਤੋਂ ਲੈ ਕੇ ਚਪੜ-ਚਿੜੀ ਤੱਕ

ਨਾਂਦੇੜ ਦੇ ਕਿਆਮ ਦੌਰਾਨ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਬੰਦਾ ਸਿੰਘ ਬਹਾਦੁਰ ਨੂੰ ਪੰਜਾਬ ਵੱਲ ਸਿੱਖਾਂ ਦਾ ਜਥੇਦਾਰ ਥਾਪ ਕੇ ਰੁਵਾਨਾ ਕੀਤਾ ਸੀ। ਗੁਰੂ ਸਾਹਿਬ ਨੇ ਬੰਦਾ ਸਿੰਘ ਨੂੰ ਆਪਣੇ ਭੱਥੇ ਦੇ ਪੰਜ ਤੀਰ, ਪੰਜ ਪਿਆਰਿਆਂ ਦੇ ਰੂਪ ਵਿੱਚ ਭਾਈ ਬਾਜ਼ ਸਿੰਘ, ਭਾਈ ਕਾਹਨ ਸਿੰਘ, ਭਾਈ ਬਿਨੋਦ ਸਿੰਘ, ਭਾਈ ਰਣ ਸਿੰਘ ਅਤੇ ਭਾਈ ਦਇਆ ਸਿੰਘ, ਪੰਝੀ ਸਿੰਘਾਂ ਦਾ ਇੱਕ ਜੱਥਾ, ਇੱਕ ਨਿਸ਼ਾਨ ਸਾਹਿਬ, ਇਕ ਨਗਾਰਾ, ਪੰਜਾਬ ਦੇ ਪ੍ਰਮੁੱਖ ਸਿੰਘਾਂ ਦੇ ਨਾਂ ਹੁਕਮਨਾਮੇ ਦੇ ਕੇ ਰੁਵਾਨਾ ਕੀਤਾ। ਅਜੇ ਬੰਦਾ ਸਿੰਘ ਅਤੇ ਸਿੰਘਾਂ ਨੇ ਵੀਹ ਕੋਹ (60 ਕਿਲੋਮੀਟਰ) ਹੀ ਸਫ਼ਰ ਤਹਿ ਕੀਤਾ ਸੀ ਕਿ ਪਿਛੋਂ ਗੁਰੂ ਗੋਬਿੰਦ ਸਿੰਘ ਉੱਤੇ ਵਜ਼ੀਰ ਖਾਂ ਵਲੋਂ ਭੇਜੇ ਦੋ ਪਠਾਣਾਂ ਨੇ ਹਮਲਾ ਕਰਾ ਦਿੱਤਾ। ਇਹ ਸਾਰਾ ਜੱਥਾ ਖਬਰ ਸੁਣਦੇ ਹੀ ਵਾਪਿਸ ਆ ਗਿਆ। ਗੁਰੂ ਸਾਹਿਬ ਦੇ ਗੁਰਪੁਰੀ ਸਿਧਾਰਨ ਅਤੇ ਅੰਤਮ ਅਰਦਾਸ ਦੀਆਂ ਰਸਮਾਂ ਪੂਰੀਆਂ ਕਰ ਕੇ ਹੀ ਇਹ ਜੱਥਾ ਪੰਜਾਬ ਵੱਲ ਵੱਧਿਆ ਸੀ। "ਜਦੋਂ ਬਾਦਸ਼ਾਹੀ ਡੇਰਾ ਗੋਦਾਵਰੀ ਨਦੀ ਉੱਤੇ ਨਾਦੇੜ ਵਿੱਚ ਲੱਗਿਆ ਹੋਇਆ ਸੀ ਤਾਂ ਗੁਰੂ ਗੋਬਿੰਦ (ਸਿੰਘ) ਇਸ ਜਹਾਨ ਤੋਂ ਚਲਾਣਾ ਕਰ ਗਿਆ। ਬੰਦਾ (ਸਿੰਘ ਬਹਾਦੁਰ) ਉਹਨਾਂ ਸਿੱਖਾਂ ਸਮੇਤ ਜੋ ਗੁਰੂ ਗੋਬਿੰਦ ਸਿੰਘ ਦੇ ਨਾਲ ਰਹਿੰਦੇ ਸਨ, ਪੰਜਾਬ ਦੀ ਰਾਹੇ ਪੈ ਗਿਆ।"[37]

ਬੰਦਾ ਸਿੰਘ ਬਹਾਦੁਰ ਕੋਲ ਹਥਿਆਰਾਂ, ਪੈਸਿਆਂ ਅਤੇ ਵਿਅਕਤੀਆਂ ਦੀ ਬਹੁਤ ਘਾਟ ਸੀ ਪਰ ਭਾਰਤਪੁਰ ਦੇ ਲਾਗੇ ਇੱਕ ਸਿੱਖ ਸੌਦਾਗਰ ਨੇ ਕਈ ਵਰ੍ਹਿਆਂ ਦੀ ਆਪਣੀ ਦਸਵੰਦ ਦੀ ਰਕਮ ਆ ਕੇ ਬੰਦਾ ਸਿੰਘ ਨੂੰ ਭੇਟਾ ਕੀਤੀ। ਦਿੱਲੀ ਦੇ ਬਾਹਰਵਾਰ ਬੰਦਾ ਸਿੰਘ ਨੇ ਆਪਣਾ ਸਫ਼ਰ ਬੜੀ ਹੁਸ਼ਿਆਰੀ ਅਤੇ ਸਿਦਕਦਿਲੀ ਨਾਲ ਜਾਰੀ ਰੱਖਿਆ ਤਾਂ ਜੋ ਸ਼ਾਹੀ ਫੌਜਾਂ ਨਾਲ ਟਕਰਾਓ ਨਾ ਹੋ ਜਾਵੇ। ਲੋਕ ਉਸ ਨੂੰ ਗੁਰੂ ਸਾਹਿਬ ਵੱਲੋਂ ਜਥੇਦਾਰ (ਫੌਜਾਂ ਦਾ ਚੀਫ਼-ਕਮਾਂਡਰ) ਥਾਪਿਆ ਸਮਝ ਕੇ ਕਈ ਸੁਗਾਤਾਂ ਲੈ ਕੇ ਆਣ ਮਿਲਦੇ ਅਤੇ ਉਹ ਲੋਕਾਂ ਦੀ ਖੁਸ਼ਹਾਲੀ ਅਤੇ ਸਿਹਤਯਾਬੀ ਲਈ ਅਰਦਾਸਾਂ ਕਰਦਾ। ਬੰਦਾ ਸਿੰਘ ਦਾ ਜੱਥਾ ਆਖ਼ਰ ਬਾਗਰ ਪੁੱਜਾ। ਉੱਥੇ ਲਾਗੇ ਹੀ ਡਾਕੂ ਇੱਕ ਪਿੰਡ ਲੁੱਟਣ ਆਏ ਸਨ।ਡਾਕੂਆ ਦੇ ਮੁਖੀ ਨੂੰ ਮਾਰ ਕੇ ਬੰਦਾ ਸਿੰਘ ਨੇ ਬਾਕੀ ਡਾਕੂਆਂ ਨੂੰ ਕਰੜੀਆਂ ਸਜ਼ਾਵਾਂ ਦਿੱਤੀਆਂ।[38] ਇਹ ਵੇਖ ਕੇ ਆਸਪਾਸ ਦੇ ਪਿੰਡਾਂ ਦੇ ਨੌਜਵਾਨ ਸਿੱਖ ਸੱਜ ਕੇ ਬੰਦਾ ਸਿੰਘ ਦੀਆਂ ਫੌਜਾਂ ਵਿੱਚ ਭਰਤੀ ਹੋ ਗਏ। ਆਸਪਾਸ ਦੇ ਪਿੰਡ ਵਾਲਿਆਂ ਖੁਸ਼ੀ ਮਨਾਈ ਅਤੇ ਰਾਸ਼ਨ, ਦੁੱਧ, ਦਹੀਂ ਆਦਿ ਲੈ ਕੇ ਬੰਦਾ ਸਿੰਘ ਅੱਗੇ ਹਾਜ਼ਰ ਹੋਏ।

ਬੰਦਾ ਸਿੰਘ ਦਾ ਇਹ ਜੱਥਾ ਸੋਨੀਪਤ ਤੇ ਰੋਹਤਕ ਦੇ ਵਿਚਕਾਰ ਸਥਿੱਤ ਕਸਬਾ ਖਰਖੋਦਾ ਪੁੱਜਾ। ਦਿੱਲੀ ਤੋਂ ਇਹ ਕਸਬਾ 36 ਕਿਲੋਮੀਟਰ ਦੂਰ ਹੈ। ਇੱਥੇ ਬੰਦਾ ਸਿੰਘ ਨੇ ਸੇਹਰੀ ਅਤੇ ਖੰਡਾ[39] ਪਿੰਡਾਂ ਵਿੱਚਕਾਰ ਮੁਕਾਮ ਕੀਤਾ।

ਬਹੁਤੀਆਂ ਫ਼ਾਰਸੀ ਲਿੱਖਤਾਂ ਵਿੱਚ ਬੰਦਾ ਸਿੰਘ ਬਹਾਦੁਰ ਬਾਰੇ ਅਪਮਾਨਜਨਕ ਲਫ਼ਜ਼ਾਵਲੀ, ਗਲਤ ਤਰਜ਼ੇ ਬਿਆਨ ਤੇ ਅਤਿਕਥਨੀ ਦੇ ਅੰਸ਼ ਪ੍ਰਵੇਸ਼ ਹੋ ਗਏ ਹਨ। ਬੰਦਾ ਸਿੰਘ ਬਹਾਦੁਰ ਅਤੇ ਸਿੱਖਾਂ ਬਾਰੇ ਬੜੀ ਘਟੀਆ ਸ਼ਬਦਾਵਲੀ ਵਰਤੀ ਗਈ ਹੈ ਜਿਵੇਂ ਬਦਜ਼ਾਤ, ਮਰਦੂਦ, ਜ਼ਲੀਲ, ਗੁੰਮਰਾਹ, ਕੁੱਤਾ, ਕੁਨਸਲਾ, ਕਾਫ਼ਿਰ, ਬਦਨਸਲ, ਬੇ-ਦੀਨਾ, ਧੋਖੇਬਾਜ਼, ਨਾਪਾਕ-ਉਲੂ, ਕਲ-ਮੂੰਹਾ, ਬਦਕਿਰਦਾਰ, ਲਾਅਨਤੀ,

ਬਹਿਰੂਪੀਆ, ਮਕਹੂਰ, ਜ਼ਾਲਿਮ, ਬਾਗੀ, ਫ਼ਸਾਦੀ, ਬੇਰਹਿਮ,ਜਹੰਨਮੀ ਆਦਿ ਲਿਖਿਆ ਗਿਆ ਹੈ। ਇਨ੍ਹਾਂ ਦੀ ਇਸ ਸ਼ਬਦਾਵਲੀ ਨੂੰ ਮੂਲ ਰੂਪ ਵਿੱਚ ਦੇਣ ਨਾਲ ਪਾਠਕ ਫ਼ਾਰਸੀ ਲਿਖਾਰੀਆਂ ਦੀ ਮਾਨਸਿਕਤਾ ਨੂੰ ਸਮਝ ਸਕਣ। ਉਹ ਆਪਣੇ ਹਾਕਮਾਂ ਨੂੰ ਖ਼ੁਸ਼ ਕਰਨ ਲਈ ਸਿੱਖਾਂ ਅਤੇ ਬੰਦਾ ਸਿੰਘ ਬਹਾਦੁਰ ਪ੍ਰਤੀ ਅਪਮਾਨਜਨਕ ਸ਼ਬਦ ਵਰਤਣ ਤੋਂ ਪਰੇਜ਼ ਨਹੀਂ ਸਨ ਕਰਦੇ।

ਮੁਹੰਮਦ ਸਫ਼ੀ ਵਾਰਿਦ ਆਪਣੀ ਲਿੱਖਤ ਵਿੱਚ ਜ਼ਿਕਰ ਕਰਦਾ ਹੈ, "ਕੌਮ ਦੇ ਆਗੂਆਂ ਨੇ ਮੁਲਕ ਪੰਜਾਬ ਤੇ ਹਿੰਦੁਸਤਾਨ ਦੇ ਜ਼ਿਮੀਦਾਰਾਂ ਨੂੰ, ਜਿਹੜੇ ਉਸ ਗੁਰੂ ਦੇ ਸ਼ਰਧਾਲੂ ਸਨ, ਚਿੱਠੀਆਂ ਲਿੱਖ ਭੇਜੀਆਂ ਕਿ "ਗੁਰੂ ਗੋਬਿੰਦ (ਸਿੰਘ) ਸਾਰੇ ਜਹਾਨ ਦੇ ਸਾਹਮਣੇ ਬਾਦਸ਼ਾਹੀ ਲਸ਼ਕਰ ਵਿੱਚ ਇੱਕ ਅਫ਼ਗਾਨ ਦੇ ਹੱਥੋਂ (ਅਗਲੇ ਜਹਾਨੇ) ਨੂੰ ਪੁੱਜ ਗਿਆ ਹੈ। ਪਰੰਤੂ ਪਿਛਲੇ ਦਿਨੀ ਕੀਤੀ ਵਸੀਅਤ ਦੇ ਮੁਤਾਬਿਕ ਆਵਾਗਮਨ ਦੇ ਸੰਸਾਰ ਵਿੱਚ ਹਕੂਮਤ ਦੀ ਸ਼ਾਹੀ ਖਿਲਤ ਪਹਿਨ ਕੇ ਦੂਸਰੀ ਵਾਰ ਵਜੂਦ ਵਿੱਚ ਪ੍ਰਗਟ ਹੋ ਰਿਹਾ ਹੈ। ਇਸ ਹਾਲ ਵਿੱਚ ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਹਰ ਥਾਂ ਖ਼ੁਦਮੁਖਤਾਰੀ ਦਾ ਝੰਡਾ ਬੁਲੰਦ ਕਰੋ ਅਤੇ ਉਸ ਦੀ ਅਧੀਨਗੀ ਕਰਨ ਨੂੰ ਦੁਨਿਆਵੀ ਦੌਲਤ ਦਾ ਖਜ਼ਾਨਾ ਤੇ ਆਖਿਰਤ ਦੀ ਨਜਾਤ ਦਾ ਪਦਾਰਥ ਜਾਣ ਕੇ ਮਾਲ-ਧਨ ਤੇ ਇਲਾਕਾ ਕੁਰਬਾਨ ਕਰਨ ਵਿੱਚ ਢਿਲਮੱਠ ਨਾ ਕਰੋ। ਚਿੱਠੀਆਂ ਪੜ੍ਹਨ ਮਗਰੋਂ ਹਰੇਕ ਵਿਅਕਤੀ (ਸਿੱਖ) ਆਪਣੇ ਪਿੰਡ ਵਿੱਚ ਉਸ ਜ਼ਾਲਿਮ ਕਾਫ਼ਿਰ (ਬੰਦਾ ਸਿੰਘ ਬਹਾਦੁਰ) ਦੇ ਆਉਣ ਦੀ ਤਨੋਂ-ਮਨੋਂ ਉਡੀਕ ਕਰਨ ਲੱਗਾ। ਇਸ ਦੌਰਾਨ ਅਚਾਨਕ ਕਸਬਾ ਖਰਖੋਦਾ ਵਿਖੇ, ਜਿਹੜਾ ਰਾਜਧਾਨੀ (ਦਿੱਲੀ) ਤੋਂ ਚਾਰ ਫਰਸੰਗ (ਬਾਰਾਂ ਮੀਲ) ਦੂਰੀ ਤੇ ਆਬਾਦ ਹੈ, ਉਸ (ਬੰਦਾ ਸਿੰਘ ਬਹਾਦੁਰ) ਨੇ ਖ਼ੁਦ ਨੂੰ ਪ੍ਰਗਟ ਕੀਤਾ।"[40]

ਬੰਦਾ ਸਿੰਘ ਨੂੰ ਇੱਥੇ ਹੀ ਸੂਹਿਆਂ ਨੇ ਖ਼ਬਰ ਦਿੱਤੀ ਕਿ ਕੈਥਲ ਨੇੜੇ ਸ਼ਾਹੀ ਖ਼ਜਾਨਾ ਬੜੀ ਹਿਫ਼ਾਜ਼ਤ ਨਾਲ ਦਿੱਲੀ ਵੱਲ ਜਾ ਰਿਹਾ ਹੈ। ਖ਼ਬਰ ਮਿਲਦੇ ਸਾਰ ਬੰਦਾ ਸਿੰਘ ਨੇ ਆਪਣੇ ਜੰਗਜੂ ਸਿੰਘਾਂ ਨਾਲ ਜ਼ਬਰਦਸਤ ਹੱਲਾ ਬੋਲਿਆ। ਸ਼ਾਹੀ ਦਸਤਾ ਆਪਣੇ ਬਹੁਤੇ ਫ਼ੌਜੀ ਮਰਵਾ ਕੇ ਸ਼ਾਹੀ ਖਜ਼ਾਨਾ, ਘੋੜੇ, ਹਥਿਆਰ ਸੁੱਟ ਕੇ ਤਿੱਤਰ ਹੋ ਗਏ। ਬੰਦਾ ਸਿੰਘ ਨੇ ਸਾਰਾ ਮਾਲ ਆਪਣੇ ਸਿੱਖਾਂ ਵਿੱਚ ਵੰਡ ਕੇ ਹਥਿਆਰਾਂ ਤੇ ਘੋੜਿਆਂ ਨਾਲ ਆਪਣੀ ਸ਼ਕਤੀ ਨੂੰ ਮਜ਼ਬੂਤ ਕੀਤਾ।

ਸਿਹਰੀ-ਖੰਡਾ ਦੇ ਮੁਕਾਮ ਦੌਰਾਨ ਬੰਦਾ ਸਿੰਘ ਬਹਾਦੁਰ ਨੇ ਯੁੱਧ ਨੀਤੀ ਦੀ ਪੈਂਤੜੇਬਾਜ਼ੀ ਉੱਪਰ ਵਿਚਾਰ ਕੀਤੀ। ਬੰਦਾ ਸਿੰਘ ਨੇ ਗੁਰੂ ਸਾਹਿਬ ਵੱਲੋਂ ਲਿਖੇ ਹੁਕਮਨਾਮੇ ਅਤੇ ਆਪਣੇ ਵੱਲੋਂ ਪੰਜਾਬ ਦੇ ਸਿੰਘਾਂ ਵੱਲ ਚਿੱਠੀਆਂ[41] ਭੇਜੀਆਂ, "ਅਸੀਂ ਸਰਹਿੰਦ ਦੇ ਫੌਜਦਾਰ ਵਜ਼ੀਰ ਖਾਂ ਤੇ ਉਸ ਦੇ ਹਮਾਇਤੀਆਂ, ਸਲਾਹਕਾਰਾਂ ਤੇ ਕਰਮਚਾਰੀਆਂ ਨੂੰ ਉਨ੍ਹਾਂ ਦੇ ਕੀਤੇ ਜ਼ੁਲਮਾਂ ਦੀ ਸਜ਼ਾ ਦੇਣ ਲਈ ਆ ਰਹੇ ਹਾਂ। ਜਿਨ੍ਹਾਂ ਪਹਾੜੀ ਰਾਜਿਆਂ ਨੇ ਗੁਰੂ ਸਾਹਿਬ ਨਾਲ ਵੈਰ ਕਮਾਇਆ ਸੀ, ਉਨ੍ਹਾਂ ਨੂੰ ਵੀ ਸੋਧਿਆ ਜਾਵੇਗਾ ਅਤੇ ਸਭ ਦੁਸ਼ਟਾਂ ਦੀ ਜੜ੍ਹ ਉਖੇੜੀ ਜਾਵੇਗੀ। ਇਸ ਲਈ ਧਰਮਯੁੱਧ ਲਈ ਤਿਆਰ-ਬਰ-ਤਿਆਰ ਹੋ ਕੇ ਮੇਰੇ ਨਾਲ ਆ ਰਲੋ।" ਇਹ ਖਬਰ ਸੁਣਦੇ ਹੀ ਸਿੱਖ ਬਲਦ, ਘਰ ਘਾਟ ਵੇਚ ਕੇ ਹਥਿਆਰ, ਘੋੜੇ ਅਤੇ ਬਾਰੂਦ ਖਰੀਦ ਕੇ ਬੰਦਾ ਸਿੰਘ ਵੱਲ ਤੁਰੰਤ ਚਾਲੇ ਪਾ ਦਿੱਤੇ।

ਬੰਦਾ ਸਿੰਘ ਨੇ ਇਹ ਐਲਾਨ-ਨਾਮਾ ਵੀ ਜਾਰੀ ਕੀਤਾ ਜੋ ਲੋਕੀ ਜ਼ਲਾਮ ਮੁਗਲਾਂ,

ਜ਼ਿੰਮੀਦਾਰਾਂ ਆਦਿ ਤੋਂ ਸਤਾਏ, ਲਿਤਾੜੇ ਜਾ ਰਹੇ ਹਨ, ਉਹ ਵੀ ਖਾਲਸਾਈ ਝੰਡੇ ਹੇਠ ਇੱਕਤਰ ਹੋ ਜਾਣ। ਇਹ ਐਲਾਨ-ਨਾਮਾ ਸੁਣਦੇ ਸਾਰ ਹੀ ਸਾਰੇ ਧਰਮਾਂ ਦੇ ਲੋਕ ਕਿ ਮੁਸਲਮਾਨ ਤੇ ਕਿ ਹਿੰਦੂ ਇਕੱਠੇ ਹੋ ਕੇ ਨਵੇਂ ਇਨਕਲਾਬ ਦੀ ਉਡੀਕ ਕਰਨ ਲੱਗੇ। ਸਮਾਜ ਦੇ ਲਿਤਾੜੇ ਗਰੀਬ ਲੋਕਾਂ ਦੀ ਢਾਲ ਬਣ ਕੇ ਉਸ ਨੇ ਆਪਣਾ ਕਾਰਜ ਆਰੰਭ ਕੀਤਾ। ਬੰਦਾ ਸਿੰਘ ਨੂੰ ਲੋਕਾਂ ਦੀ ਤਹਿ ਦਿਲੋਂ ਹਮਦਰਦੀ ਪ੍ਰਾਪਤ ਹੋ ਗਈ। ਉਸ ਨਾਲ ਸਿੰਘਾਂ ਅਤੇ ਗੈਰ-ਸਿੱਖਾਂ ਦੇ ਜੱਥੇ ਯਕੇ ਬਾਅਦ ਦੀਗਰੇ ਆਣ ਜੁੜਦੇ ਰਹੇ।

ਫਤੂਹਾਤਨਾਮਾ-ਏ-ਸਮਦੀ ਦਾ ਲੇਖਕ ਵੀ ਲਿੱਖਦਾ ਹੈ, "ਮੁਕਦੀ ਗੱਲ ਨਾਨਕ-ਪ੍ਰਸਤਾਂ ਦੇ ਗਰੋਹਾਂ ਦੇ ਗਰੋਹ ਰਬੀ ਕਹਿਰ ਦੇ ਮਾਰੇ ਗੁਰੂ (ਬੰਦਾ ਸਿੰਘ ਬਹਾਦੁਰ) ਨੂੰ ਪੂਰੇ ਪਿਆਰ ਨਾਲ 'ਬੰਦਾ' ਦੀ ਉਪਾਧੀ ਦੇ ਕੇ ਉਸ ਦੇ ਹੁਕਮ ਤੇ ਸ਼ਬਦਾਂ ਨੂੰ ਆਪਣੇ ਮਨੋਰਥ ਪੂਰਾ ਹੋਣ ਦਾ ਸ਼ਕਤੀਸ਼ਾਲੀ ਜਰੀਆ ਸਮਝਦੇ ਹਨ ਤੇ ਇਕ ਦੂਜੇ ਨਾਲ ਕੌਲ ਇਕਰਾਰ ਕਰਕੇ ਉਸ ਦੀ ਤਾਬੇਦਾਰੀ ਕਰਨ ਲਈ ਉਸ ਦੇ ਮੁਰੀਦ ਬਣਦੇ ਹਨ।"[42]

ਸਮਾਣਾ, ਬੰਦਾ ਸਿੰਘ ਬਹਾਦੁਰ ਦੇ ਹਮਲੇ ਦੀ ਫ਼ਰਿਸਤ ਤੇ ਅਵਲ ਨੰਬਰ ਤੇ ਆਉਂਦਾ ਸੀ। ਸਮਾਣਾ ਇੱਕ ਹਿਸਾਬ ਨਾਲ ਪੁੱਖਤਾ ਗੜ੍ਹੀ ਸੀ। ਗੁਰੂ ਤੇਗ ਬਹਾਦੁਰ ਸਾਹਿਬ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਕਾਤਲ ਫੌਜਦਾਰ ਜ਼ਾਲਮ ਜਲਾਲ-ਉ-ਦੀਨ, ਸਾਸ਼ਲ ਬੇਗ ਤੇ ਬਾਸ਼ਲ ਬੇਗ ਇਥੋਂ ਦੇ ਹੀ ਰਹਿਣ ਵਾਲੇ ਸਨ। ਬੰਦਾ ਸਿੰਘ ਨੇ 26 ਨਵੰਬਰ 1709 ਈ. ਨੂੰ ਕਿਲ੍ਹਾ-ਨੁਮਾ ਸਮਾਣੇ ਨੂੰ ਚਾਰ ਪਾਸਿਉਂ ਘੇਰਾ ਪਾ ਲਿਆ। ਇੱਥੇ ਬੜੀ ਘੁਮਸਾਨ ਦੀ ਲੜਾਈ ਹੋਈ। ਸਿੱਖਾਂ ਹੱਥੋਂ ਜਲਾਲ-ਉ-ਦੀਨ, ਸਾਸ਼ਲ ਬੇਗ ਅਤੇ ਬਾਸ਼ਲ ਬੇਗ ਮਾਰੇ ਗਏ। ਸਮਾਣੇ ਵਿੱਚ ਮੁਗਲ ਫੌਜੀ, ਸਯੱਦ ਆਦਿ ਦਸ ਹਜ਼ਾਰ ਦੇ ਕਰੀਬ ਮਾਰੇ ਗਏ। ਇਸ ਜਿੱਤ ਨੇ ਸਿੰਘਾਂ ਦੇ ਹੌਂਸਲੇ ਬੁਲੰਦ ਕਰ ਦਿੱਤਾ ਅਤੇ ਬੰਦਾ ਸਿੰਘ ਨੇ ਭਾਈ ਫਤਹਿ ਸਿੰਘ ਨੂੰ ਸਮਾਣੇ ਦਾ ਫੌਜਦਾਰ ਮੁਕੱਰਰ ਕੀਤਾ।

ਭਾਵੇਂ ਬਹਾਦੁਰ ਸ਼ਾਹ ਨੂੰ ਸਿੱਖਾਂ ਦੇ ਵਿਦਰੋਹ ਦੀਆਂ ਖਬਰਾਂ ਨਵੰਬਰ 1709 ਈ. ਤੋਂ ਮਿਲਣੀਆਂ ਸ਼ੁਰੂ ਹੋ ਗਈਆਂ ਸਨ ਪਰ ਵਜ਼ੀਰ ਖਾਂ ਦੀ ਚਿੱਠੀ 25 ਫਰਵਰੀ 1710 ਈ. ਨੂੰ ਬਾਦਸ਼ਾਹ ਅੱਗੇ ਪੇਸ਼ ਹੋਈ ਜਿਸ ਵਿੱਚ ਲਿਖਿਆ ਸੀ। "ਕੁੱਤੇ-ਸੁਭਾ ਸਿੱਖਾਂ ਦੇ ਗੁਰੂ (ਬੰਦਾ ਸਿੰਘ) ਨੇ ਆਪਣਾ ਨਾਮ 'ਬੰਦਾ' ਰੱਖ ਕੇ ਤੇ ਕੋਈ ਇੱਕ ਲੱਖ ਕੁੱਤੇ-ਸੁਭਾਅ ਸਾਵਾਰਾਂ ਤੇ ਪਿਆਦਾ ਸਿੰਘਾਂ ਨੂੰ ਆਪਣੇ ਨਾਲ ਇੱਕਠੇ ਕਰ ਕੇ, ਸ਼ੋਰ-ਸ਼ਰਾਬਾ ਤੇ ਫਸਾਦ ਪਾ ਕੇ ਗਰੀਬਾਂ, ਮਸਕੀਨਾਂ, ਸ਼ੈਖਾਂ ਤੇ ਵੱਡੇ ਵੱਡੇ ਸ਼ਯਦਾਂ ਦੇ ਘਰਾਂ ਨੂੰ ਉਜਾੜ ਦਿੱਤਾ ਤੇ ਉਹ ਇਸਲਾਮ ਵਾਲਿਆਂ ਵਿੱਚੋਂ ਕਿਸੇ ਛੋਟੇ-ਵੱਡੇ ਤੇ ਜਵਾਨ ਤੇ ਬੁੱਢੇ ਨੂੰ ਜਿਉਂਦਾਂ ਨਹੀਂ ਛੱਡਣਾ ਚਾਹੁੰਦਾ ਹੈ। ਐ ਬਾਦਸ਼ਾਹ ਜੇ ਇਸ ਨੂੰ ਸੋਧਣ ਵਿੱਚ ਢਿੱਲ-ਮੱਠ ਹੋਈ ਤਾਂ ਇਸ ਜਹਾਨ ਦੇ ਬਾਦਸ਼ਾਹ ਦੀ ਹਕੂਮਤ ਵਿੱਚ ਆਏ ਦਿਨ ਗੜਬੜ੍ਹ ਪੈਂਦੀ ਰਹੇਗੀ। ਇਹ ਵਕਤ ਮਰਦਾਨਗੀ ਵਿਖਾਉਣ ਦਾ ਹੈ"।[43]

ਸਮਾਣੇ ਤੋਂ ਬਾਅਦ ਬੰਦਾ ਸਿੰਘ ਨੇ ਕੈਂਥਲ ਤੇ ਹਮਲਾ ਕੀਤਾ। ਥੋੜੀ ਜਿਹੀ ਲੜਾਈ ਤੋਂ ਬਾਅਦ ਮੁਗਲ ਫੌਜਾਂ ਬੇਸ਼ੁਮਾਰ ਹਥਿਆਰ, ਘੋੜੇ ਅਤੇ ਲਾਸ਼ਾਂ ਛੱਡੇ ਕੇ ਮੈਦਾਨੇ-ਜੰਗ 'ਚ ਤਿੱਤਰ ਹੋ ਗਈ। ਫੌਜੀ ਰਣਨੀਤੀ ਤਹਿਤ ਬੰਦਾ ਸਿੰਘ ਨੇ ਸਰਹਿੰਦ ਤੇ ਹਮਲਾ ਕਰਨਾ ਮੁੱਨਾਸਬ ਨਾ ਸਮਝਿਆ ਕਿਉਂਕਿ ਉਸ ਨੂੰ ਮਾਝੇ, ਮਾਲਵੇ ਤੇ ਦੁਆਬੇ ਤੋਂ ਹਥਿਆਰਬੰਦ ਸਿੰਘਾਂ ਦੀ ਉਡੀਕ ਕਰਨਾ ਚਾਹੁੰਦਾ ਸੀ। ਇਸੇ ਲਈ ਬੰਦਾ ਸਿੰਘ ਨੇ

ਸਰਹਿੰਦ ਤੋਂ ਪਹਿਲਾਂ ਘੁੜਾਮ, ਠਸਕਾ, ਸ਼ਾਹਬਾਦ ਤੇ ਮੁਸਤਫਾਬਦਾ ਨੂੰ ਆਪਣੇ ਕਬਜ਼ੇ ਵਿੱਚ ਕਰ ਲਿਆ। ਮੁਸਤਫ਼ਾਬਾਦ ਵਿੱਚ ਗਹਿਗਚ ਲੜਾਈ ਹੋਈ ਜਿਥੇ ਦੋ ਹਜ਼ਾਰ ਫੌਜੀਆਂ ਨੇ ਬੰਦਾ ਸਿੰਘ ਅੱਗੇ ਹਥਿਆਰ ਸੁੱਟ ਕੇ ਹਾਰ ਮੰਨ ਲਈ।

ਨਾਰਨੌਲ ਦੇ ਸਥਾਨ 'ਤੇ ਬੰਦਾ ਸਿੰਘ ਨੇ ਲੋਕਾਂ ਨੂੰ ਲੁਟੇਰਿਆਂ ਤੇ ਡਾਕੂਆਂ ਤੋਂ ਮੁੱਕਤੀ ਦਿਵਾਈ ਅਤੇ ਕੈਥਲ ਦੇ ਫੌਜਦਾਰ ਨੂੰ ਸਬਕ ਸਿਖਾਇਆ। "ਬਲਕਿ ਉਹ (ਬੰਦਾ ਸਿੰਘ) ਆਪਣੀ ਬਹਾਦੁਰੀ ਦੇ ਗੁਮਾਨ ਵਿੱਚ ਕਸਬਾ ਥਾਨੇਸਰ ਦੇ ਉਸ ਪਾਸੇ ਦੇ ਮੈਦਾਨ ਵਿੱਚ ਜਿਹੜਾ ਹਿੰਦੁਸਤਾਨ ਦੀ ਰਾਜਧਾਨੀ ਦਾ ਦਰਵਾਜ਼ਾ ਹੈ (ਭਾਵ ਪਾਨੀਪਤ ਵਿੱਚ) ਭਾਰੀ ਲੱਕੜ ਦਾ ਇੱਕ ਖੰਬਾ ਜਿਸ ਦੀ ਉਚਾਈ ਮਸੀਤ ਦੇ ਅੰਦਰ ਬਣੇ ਉੱਚੇ ਮੁਨਾਰੇ ਜਿੰਨੀ ਹੈ, ਗੱਡ ਰਿਹਾ ਹੈ, ਜਿਸ ਨੂੰ ਹਿੰਦੋਸਤਾਨ ਦੇ ਜੰਗਜੂਆਂ ਦੀ ਤਕਨੀਕੀ ਸ਼ਬਦਾਵਲੀ ਵਿੱਚ ਖੰਡਾ (ਝੰਡਾ) ਕਹਿੰਦੇ ਹਨ। ਫਾਰਸੀ ਵਿੱਚ ਇਸ ਦਾ ਅਰਥ 'ਸਤੂਨ-ਏ-ਜੰਗ' (ਜੰਗ ਦਾ ਮੀਨਾਰ) ਹੈ, ਉਹ ਜਹਾਨ ਦੇ ਜੰਗਜੂਆਂ ਦੀ ਪੈਰਵੀ ਕਰਦਾ ਹੋਇਆ, ਜਿਸ ਤਰ੍ਹਾਂ ਕੋਈ ਸ਼ਿੰਗਾਰਨ ਵਾਲਾ ਨਿਸ਼ਾਨ ਰੁਸਤਮ ਦੇ ਅਸਫੰਦਯਾਰ ਦੇ ਹੱਥਾਂ ਤੇ ਬਾਹਾਂ 'ਤੇ ਬੰਨਣ ਦਾ ਲਾਇਕ ਹੈ, ਆਪਣੇ ਹੱਥ ਤੇ ਬਾਂਹ ਤੇ ਬੰਨਦਾ ਹੈ।" (ਲੇਖਕ ਦੀ ਮੁਰਾਦ ਸ਼ਾਇਦ ਕੜ੍ਹੇ ਤੋਂ ਹੈ, ਜੋ ਸਿੱਖਾਂ ਦੇ ਪੰਜ ਕਕਾਰਾਂ ਵਿਚੋਂ ਇੱਕ ਕਕਾਰ ਹੈ)।[44]

ਸਮਾਣੇ ਤੋਂ ਬਾਅਦ ਬੰਦਾ ਸਿੰਘ ਨੇ ਕਪੂਰੀ[45] ਤੇ ਹਮਲਾ ਕੀਤਾ। ਉਥੋਂ ਦੇ ਫ਼ੌਜਦਾਰ ਕਦਮ-ਉ-ਦੀਨ ਨੂੰ ਮਾਰ ਕੇ ਸਾਰੇ ਸ਼ਹਿਰ ਨੂੰ ਅੱਗ ਲਾ ਦਿੱਤੀ। ਇਸ ਲੜਾਈ ਵਿੱਚ ਬੇਸ਼ੁਮਾਰ ਹਥਿਆਰ, ਖਜ਼ਾਨਾ ਤੇ ਘੋੜੇ ਸਿੰਘਾਂ ਦੇ ਹੱਥ ਆਏ, ਜਿਨ੍ਹਾਂ ਦੀ ਉਨ੍ਹਾਂ ਨੂੰ ਤੁਰੰਤ ਲੋੜ ਸੀ।

ਸਢੋਰਾ ਸ਼ਹਿਰ, ਅਮੀਰ ਸ਼ਹਿਰਾਂ ਵਿੱਚ ਸ਼ੁਮਾਰ ਹੁੰਦਾ ਸੀ। ਇਥੋਂ ਦਾ ਫੌਜਦਾਰ ਜ਼ਾਲਮ ਉਸਮਾਨ ਖਾਨ[46] ਰਾਜ-ਪ੍ਰਬੰਧਕ ਕਰ ਕੇ ਸਾਰੇ ਇਲਾਕੇ ਵਿੱਚ ਮੰਨਿਆ ਜਾਂਦਾ ਸੀ। ਹਿੰਦੂਆਂ ਦੀਆਂ ਮਿਰਤਕ ਲਾਸ਼ਾਂ ਨੂੰ ਸਾੜ੍ਹਨ ਦੀ ਮਨਾਈ ਕਰਕੇ, ਖੁੱਲੇ-ਮੈਦਾਨਾਂ ਵਿੱਚ ਗਊ ਹੱਤਿਆ ਕਰਾਉਂਦਾ ਸੀ। ਇਸੇ ਲਈ ਬਹੁਤੇ ਹਿੰਦੂ ਸਢੋਰਾ ਛੱਡ ਕੇ ਚਲੇ ਗਏ ਸਨ। ਹਿੰਦੂਆਂ ਨੇ ਬੰਦਾ ਸਿੰਘ ਅੱਗੇ ਅਜਿਹੇ ਜ਼ੁਲਮ ਤੋਂ ਆਜ਼ਾਦ ਕਰਾਉਣ ਦੀ ਬੇਨਤੀ ਕੀਤੀ। 'ਅਖ਼ਬਾਰਾਤ-ਏ-ਦਰਬਾਰ-ਏ ਮੋਅਲਾਂ' ਦੀ ਰਿਪੋਰਟ [47] ਅਨੁਸਾਰ ਜੋ ਜਨਵਰੀ 31, 1709 ਨੂੰ ਬਾਦਸ਼ਾਹ ਨੂੰ ਘਲੀ ਗਈ ਸੀ, ਉਸ ਵਿੱਚ 70,000 ਸਿਖਾਂ ਦਾ ਸਢੋਰਾ ਵਿੱਚ ਇੱਕਠ ਦਾ ਜ਼ਿਕਰ ਕੀਤਾ ਗਿਆ ਸੀ।

'ਇਬਰਤਨਾਮਾ' ਦਾ ਲੇਖਕ ਇਸ ਜੰਗ ਦਾ ਹਾਲ ਇਸ ਤਰ੍ਹਾਂ ਬਿਆਨ ਕਰਦਾ ਹੈ।" ਇਸ ਆਦਮੀ (ਬੰਦਾ ਸਿੰਘ ਬਹਾਦੁਰ) ਨੇ ਖੁਦ ਨੂੰ ਉਹੋ ਜਿਹੀ ਪੁਸ਼ਾਕ ਪਾ ਕੇ ਗੁਰੂ ਗੋਬਿੰਦ (ਸਿੰਘ) ਦੱਸਿਆ ਸੀ, ਇਸ ਲਈ ਇਹ ਵਿਅਕਤੀ ਭੀ 'ਗੁਰੂ' ਵਜੋਂ ਪ੍ਰਸਿੱਧ ਹੋ ਗਿਆ। ਮੁੱਕਦੀ ਗੱਲ ਉਪਰੋਕਤ ਸਭ ਤੋਂ ਪਹਿਲਾਂ ਪਰਗਣਾ ਸਢੋਰਾ 'ਤੇ ਹਮਲਾ ਕੀਤਾ, ਜਿਥੋਂ ਦੇ ਪੀਰ ਜਾਦਿਆਂ ਨਾਲ ਮਕਤੂਲ ਗੁਰੂ ਗੋਬਿੰਦ (ਸਿੰਘ) ਦੀ ਪੂਰੀ ਦੁਸ਼ਮਣੀ ਸੀ। ਸਰਬ ਸ਼ਕਤੀਮਾਨ ਰੱਬ ਦੇ ਭਾਣੇ ਅਨੁਸਾਰ ਜਿੱਤ ਪ੍ਰਾਪਤ ਕਰ ਕੇ ਲੁੱਟ-ਮਾਰ ਦੀ ਅੱਗ ਭੜਕਾ ਦਿੱਤੀ ਅਤੇ ਬਹੁਤ ਜ਼ਿਆਦਾ ਲੋਕਾਂ ਨੂੰ ਗੁੱਸੇ ਦੀ ਤਲਵਾਰ ਨਾਲ ਪਾਰ ਬੁਲਾ ਦਿੱਤਾ। ਮੁਸਲਮਾਨਾਂ ਦੇ ਬਹੁਤੇ ਘਰ-ਘਾਟ ਅਨਿਆਂ ਦੀ ਅਗਨੀ ਦੇ ਭੇਟ ਕਰ ਦਿੱਤੇ, ਕਿਉਂਕਿ ਇਨੀ ਦਿਨੀ ਉਸ ਦੀ ਕਿਸਮਤ ਦਾ ਸਿਤਾਰਾ ਚੜ੍ਹਿਆ ਹੋਇਆ ਸੀ, ਇਸ ਲਈ

ਉਸ ਦੇ ਸਿੱਖ ਭੀ ਮੁਲਕ ਪੰਜਾਬ ਦੇ ਕੁੱਝ ਪਿੰਡਾਂ ਵਿਚੋਂ ਨਿਕਲ ਕੇ ਹਾਵੀ ਹੋ ਗਏ ਅਤੇ ਦੁਆਬੇ ਅੰਦਰ ਭੀ ਇਨ੍ਹਾਂ ਸ਼ਰਾਰਤੀਆਂ ਦੀ ਬਹੁਤਾਤ ਹੋ ਗਈ। ਚਕਲਾ ਸਰਹਿੰਦ ਦਾ ਅਮੀਨ ਤੇ ਫੌਜ਼ਦਾਰ, ਵਜ਼ੀਰ ਖਾਂ ਇਸ ਅੱਗ ਨੂੰ ਬੁਝਾਉਣ ਵਿੱਚ ਅਸਮੱਰਥ ਰਿਹਾ। ਉਪਰੋਕਤ ਗੁਰੂ (ਬੰਦਾ ਸਿੰਘ ਬਹਾਦੁਰ) ਨੇ ਦਿਨ ਪ੍ਰਤੀ ਦਿਨ ਤਾਕਤ ਫੜ ਕੇ ਹਰ ਪਾਸੇ ਫੌਜਾਂ ਭੇਜੀਆਂ, ਅਕਸਰ ਵਧੀਆ ਪਰਗਣਿਆਂ ਨੂੰ ਆਪਣੇ ਕਬਜ਼ੇ ਵਿੱਚ ਕੀਤਾ ਅਤੇ ਮੁਸਲਮਾਨਾਂ ਦੇ ਕਤਲਾਮ ਦਾ ਹੁਕਮ ਦਿੱਤਾ।"[48]

ਇੱਕ ਹੋਰ ਫ਼ਾਰਸੀ ਲਿੱਖਤ ਵਿੱਚ ਜ਼ਿਕਰ ਆਉਂਦਾ ਹੈ, "ਕਹਿਰ ਦੇ ਮਾਰੇ ਗੁਰੂ (ਬੰਦਾ ਸਿੰਘ ਬਹਾਦੁਰ) ਨੇ ਬਹੁਤ ਜ਼ਿਆਦਾ ਗੁਸਤਾਖੀ, ਘੁਮੰਡ ਤੇ ਸ਼ਾਹੀ ਫੌਜਾਂ, ਹਿੰਦੂਆਂ (ਸਿੱਖਾਂ) ਦੇ ਟੋਲਿਆ ਦੇ ਕੂੜੇ-ਕਰਕਟ ਨੂੰ ਬਦਨਸੀਬੀ, ਜਿਹੜੀ ਉਸ ਦੇ ਫ਼ਸਾਦੀ ਦਿਮਾਗ 'ਤੇ ਛਾਈ ਹੋਈ ਸੀ, ਦੇ ਵਾਵਰੋਲੇ ਨਾਲ ਹੂੰਝ ਕੇ ਲੈ ਗਿਆ ਅਤੇ ਥਾਨੇਸਰ ਦੇ ਉਸ ਮੈਦਾਨ ਵਿੱਚ ਉਸ ਨੇ ਖੰਬਾ (ਝੰਡਾ) ਗਡਿਆ ਸੀ, ਜਾ ਕੇ ਡੱਟ ਗਿਆ ਤੇ ਆਪਣੀ ਕਮਾਨ ਹੇਠ ਬਰਭਰ (ਸਢੌਰਾ) ਦੇ ਰਸਤੇ ਨੂੰ ਆਪਣੇ ਕਬਜ਼ੇ ਵਿੱਚ ਲੈ ਰਿਹਾ ਹੈ"।[49]

ਸਢੌਰਾ ਦੀ ਗਹਿਗਚ ਲੜਾਈ ਵਿੱਚ ਦੋਵੇਂ ਪਾਸਿਆਂ ਤੋਂ ਹਜ਼ਾਰਾਂ ਸੂਰਮੇ ਮੈਦਾਨ-ਏ-ਜੰਗ ਵਿੱਚ ਮਾਰੇ ਗਏ। ਅਖੀਰ ਸਢੌਰਾ ਬੰਦਾ ਸਿੰਘ ਦੇ ਕਬਜ਼ੇ ਵਿੱਚ ਆ ਗਿਆ। ਮਜ਼ਲੂਮ ਲੋਕਾਂ ਨੇ ਜ਼ਾਲਮਾ ਤੋਂ ਚੁਣ ਚੁਣ ਕੇ ਬਦਲੇ ਲਏ ਅਤੇ ਲੁੱਟ-ਮਾਰ ਕੀਤੀ।

ਬਹਾਦਰ ਸ਼ਾਹ ਬਾਦਸ਼ਾਹ ਨੇ ਰੁਸਤਮ ਦਿਲ ਖ਼ਾਨ ਨੂੰ ਸ਼ਾਹੀ ਕੈਂਪ ਲਈ ਯੋਗ ਥਾਂ ਦੀ ਭਾਲ ਲਈ ਰਵਾਨਾ ਕੀਤਾ ਤਾਂ ਸ਼ਾਹੀ ਫੌਜੀ ਦਸਤਾ ਸਢੌਰਾ ਤੋਂ 4-5 ਕੋਹ (12-15 ਕਿਲੋਮੀਟਰ) ਪੁੱਜਾ ਸੀ।" ਰਸਤੇ ਵਿੱਚ ਅਚਾਨਕ ਸਿੱਖਾਂ ਦੇ ਤੀਹ-ਚਾਲੀ ਹਜ਼ਾਰ ਸਵਾਰ, ਬੇਸ਼ੁਮਾਰ ਪਿਆਦੇ ਦਸ-ਬਾਰਾਂ ਕੋਹ ਤੋਂ ਧਾਵਾ ਕਰ ਕੇ 'ਫ਼ਤਹਿ-ਦਰਸ਼ਨ' ਦੇ ਨਾਹਰੇ ਮਾਰਦੇ ਹੋਏ ਬਾਦਸ਼ਾਹੀ ਲਸ਼ਕਰ ਉੱਤੇ ਟੁੱਟ ਕੇ ਪੈ ਗਏ। ਲੇਖਕ ਲਿਖਦਾ ਹੈ ਕਿ ਜੰਗ ਦਾ ਕੀ ਹਾਲ ਲਿੱਖਾਂ? ਭਾਵ ਬਿਆਨ ਤੋਂ ਬਾਹਰ ਹੈ। ਫ਼ਕੀਰਾਂ ਵਾਲੇ ਲਿਬਾਸ ਤੇ ਖੂੰਖਾਰ ਸ਼ਕਲਾਂ ਵਾਲੇ ਸਿੱਖ, ਹਜ਼ਾਰ ਦੋ ਹਜ਼ਾਰ ਆਦਮੀਆਂ ਨੂੰ ਵੱਢਦੇ ਹੋਏ ਅਤੇ ਹਮਲੇ ਉੱਪਰ ਹਮਲਾ ਕਰਦੇ ਹੋਏ ਵੇਖ ਕੇ ਸ਼ਾਹੀ ਲਸ਼ਕਰ, ਭੈ-ਭੀਤ ਹੋ ਗਿਆ। ਇਕ ਵਾਰ ਤਾਂ ਇਉਂ ਮਹਿਸੂਸ ਹੋਇਆ ਜਿਵੇਂ ਸ਼ਾਹੀ ਫੌਜ ਦੀ ਹਾਰ ਹੋ ਰਹੀ ਹੈ।"[50]

ਬੰਦਾ ਸਿੰਘ ਬਹਾਦੁਰ ਨੇ ਇਕ ਨਵਾਂ ਜੰਗੀ ਨਾਹਰਾ 'ਫ਼ਤਹਿ ਦਰਸ਼ਨ' ਜਾਰੀ ਕੀਤਾ ਜਿਸ ਦਾ ਭਾਵ ਸੀ ਕਿ ਮੈਦਾਨ-ਏ-ਜੰਗ ਵਿੱਚ ਜਿੱਤ ਦੇ ਦਰਸ਼ਨ-ਦੀਦਾਰੇ ਕਰਨੇ ਹਨ। ਇਹ ਨਾਹਰਾ ਸਿੱਖ ਫੌਜੀਆਂ ਨੂੰ ਜੰਗ-ਗਾਹ ਵਿੱਚ ਚੜ੍ਹਦੀਕਲਾ ਵਿੱਚ ਰਹਿ ਕੇ ਹਰ ਹਾਲਤ ਵਿੱਚ ਜਿੱਤ ਪ੍ਰਾਪਤੀ ਨੂੰ ਯਕੀਨੀ ਬਣਾਉਂਦਾ ਸੀ।

ਹੁਣ ਸਿੱਖਾਂ ਨੇ ਸਰਹਿੰਦ ਦਾ ਰੁੱਖ ਕਰਨਾ ਸੀ। ਸਰਹਿੰਦ ਦੇ ਸੂਬੇ ਵਜ਼ੀਰ ਖਾਂ ਨੇ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੀਆਂ ਨੀਹਾਂ ਵਿੱਚ ਚੁਣ ਕੇ ਸ਼ਹੀਦ ਕੀਤਾ ਸੀ। ਸਰਹਿੰਦ ਹੀ ਸੀ ਜਿਸ ਨੇ ਸਿੱਖਾਂ ਦੇ ਭਵਿੱਖ ਦਾ ਫੈਸਲਾ ਕਰਨੀ ਸੀ। ਵਜ਼ੀਰ ਖਾਂ ਸਿੱਖਾਂ ਦੀਆਂ ਰੋਜ਼ਮਰਾ ਦੀਆਂ ਜਿੱਤਾਂ ਤੋਂ ਪੂਰੀ ਤਰ੍ਹਾਂ ਘਬਰਾਇਆ ਸੀ ਪਰ ਉਸ ਨੇ ਹਜ਼ਾਰਾਂ ਜਹਾਦੀ ਇੱਕਠੇ ਕਰ ਕੇ ਸਿੱਖਾਂ ਨਾਲ ਜੰਗ ਕਰਨਾ ਚਾਹੁੰਦਾ ਸੀ। ਮਾਝੇ-ਮਾਲਵੇ ਦੇ ਸਿੰਘ ਕੀਰਤਪੁਰ ਸਾਹਿਬ ਵਲੋਂ ਆਉਂਦੇ ਵੇਖ ਮਲੇਰ ਕੋਟਲੇ ਦੇ ਮੁਗਲ ਫੌਜਾਂ ਨਾਲ ਲੜਾਈ ਜ਼ਬਰਦਸਤ ਹੋਈ ਅਤੇ ਮਲੇਰਕੋਟਲੇ ਦੀ ਸਾਰੀ ਫੌਜ਼ ਜੰਗ-ਗਾਹ ਵਿਚੋਂ

ਭੱਜ ਗਈ। ਇਸ ਤਰ੍ਹਾਂ ਮਾਝੇ-ਦੁਆਬੇ ਆਦਿ ਦੇ ਹਜ਼ਾਰਾਂ ਸਿੱਖ, ਚਪੜ-ਚਿੜ੍ਹੀ ਦੇ ਸਥਾਨ ਤੇ ਬੰਦਾ ਸਿੰਘ ਬਹਾਦੁਰ ਦੀਆਂ ਫੌਜਾਂ ਨਾਲ ਆ ਮਿਲੇ।

ਸਰਹਿੰਦ ਦੇ ਫੌਜਦਾਰ ਵਜ਼ੀਰ ਖਾਂ ਸਰਹਿੰਦ ਤੋਂ 12-15 ਕਿਲੋਮੀਟਰ ਦੂਰ 'ਚਪੜ-ਚਿੜ੍ਹੀ' ਦੇ ਸਥਾਨ ਤੇ ਸਿੱਖਾਂ ਨਾਲ ਜੰਗ ਕਰਨ ਲਈ ਕਮਰਕਸੇ ਕਰ ਬੈਠਾ। ਸਿੱਖਾਂ ਕੋਲ ਵਜ਼ੀਰ ਖਾਂ ਦੇ ਮੁਕਾਬਲੇ ਬੜੇ ਘੱਟ ਘੋੜੇ ਤੇ ਹਥਿਆਰ ਸਨ ਪਰ ਸਿੱਖ ਸਾਹਿਬਜ਼ਾਦਿਆਂ ਦੇ ਖੂਨ ਦਾ ਬਦਲਾ ਲੈਣ ਲਈ ਉਤਾਵਲੇ ਸਨ। ਸਿੱਖਾਂ ਦੀ ਗਿਣਤੀ ਵੀ ਦੁਸ਼ਮਣ ਦੇ ਮੁਕਾਬਲੇ ਘੱਟ ਸੀ। ਸੂਬਾ ਵਜ਼ੀਰ ਖਾਂ ਕੋਲ ਕੁੱਝ ਤੋਪਾਂ ਸਨ। ਇਹ ਤੋਪਾਂ ਹਾਥੀਆਂ ਦੀਆਂ ਕਤਾਰਾਂ ਤੋਂ ਅੱਗ ਸਨ। ਖਾਲਸਾ ਫ਼ੌਜਾਂ ਦਾ ਸਵਾਗਤ ਵਜ਼ੀਰ ਖਾਨ ਦੀਆਂ ਤੋਪਾਂ ਨੇ ਕੀਤਾ। ਪਹਿਲੇ ਗੋਲਿਆਂ ਨਾਲ ਹੀ ਬੰਦਾ ਸਿੰਘ ਨਾਲ ਮਿਲੇ ਗੈਰ-ਸਿੱਖ ਧਾੜਵੀ ਦਸਤੇ, ਤੋਪਾਂ ਦੀ ਮਾਰ ਤੋਂ ਦੂਰ ਨਿਕਲ ਗਏ। ਬੰਦਾ ਸਿੰਘ ਬਹਾਦੁਰ ਦੇ ਹਰਾਵਲ ਦਸਤੇ ਤੋਪਾਂ ਤੇ ਹਾਥੀਆਂ ਦੀਆਂ ਕਤਾਰਾਂ ਤੋਂ ਹੁਸ਼ਿਆਰੀ ਨਾਲ ਅੱਗੇ ਵੱਧ ਕੇ ਦੁਸ਼ਮਣ ਤੇ ਟੁੱਟ ਪਏ। ਤੋਪਾਂ ਨੇ ਭਾਵੇਂ ਸਿੱਖਾਂ ਦਾ ਨੁਕਸਾਨ ਕੀਤਾ ਅਤੇ ਦੁਸ਼ਮਣਾਂ ਨੇ ਵੀ ਜੰਮ ਕੇ ਲੜਾਈ ਲੜੀ। ਵਜ਼ੀਰ ਖਾਂ ਵੱਲੋਂ ਅੰਦਰਖਾਤੇ ਇਕ ਹੋਰ ਮੁਸਲਮਾਨ ਦਸਤਾ, ਬੰਦਾ ਸਿੰਘ ਨਾਲ ਆ ਮਿਲਿਆ ਸੀ, ਜੋ ਤੋਪਾਂ ਦੀ ਆਵਾਜ਼ ਨਾਲ ਨੱਠ ਗਿਆ। ਭਾਵੇਂ ਕੁਝ ਦੇਰ ਲਈ ਲੜਾਈ ਦਾ ਰੁੱਖ ਬਦਲ ਗਿਆ ਅਤੇ ਦੁਸ਼ਮਣ ਦਾ ਪਾਸਾ ਭਾਰੀ ਹੋ ਗਿਆ। ਬੰਦਾ ਸਿੰਘ ਬਹਾਦੁਰ ਦੂਰ ਉੱਚੇ ਟਿੱਬੇ ਤੇ ਬੈਠਾ ਜੰਗ ਦੇ ਹਾਲਾਤਾਂ ਤੇ ਨਜ਼ਰ ਰੱਖ ਰਿਹਾ ਸੀ। ਜਦੋਂ ਉਸ ਨੇ ਸਿੱਖਾਂ ਦੀ ਡਾਵਾਂ ਡੋਲ ਹਾਲਤ ਵੇਖੀ ਤਾਂ ਉਹ ਘੋੜੇ ਨੂੰ ਸਰਪਟ ਦੜਾਉਂਦਾ 'ਅਕਾਲ ਅਕਾਲ'ਦੇ ਜੈਕਾਰੇ ਛੱਡਦਾ, ਅੱਖ ਦੇ ਫ਼ੋਰ ਵਿੱਚ ਸ਼ਿਦਤ ਨਾਲ ਦੁਸ਼ਮਣ ਤੇ ਟੁੱਟ ਪਿਆ। ਇਹ ਵੇਖ ਸਿੱਖਾਂ ਵਿੱਚ ਜੋਸ਼ ਠਾਠਾਂ ਮਾਰਨ ਲੱਗਾ ਅਤੇ ਮਲੇਰਕੋਟੀਏ ਸਰਦਾਰ ਸ਼ੇਰ ਮੁਹੰਮਦ ਖਾਨ ਤੇ ਖਵਾਜਾ ਅਲੀ ਨੂੰ ਇਕੋ ਹੱਲੇ ਵਿੱਚ ਮਾਰ ਦਿੱਤਾ। ਮੁਗਲ ਫੌਜਾਂ ਦੇ ਦੋ ਬਹਾਦੁਰ ਸਰਦਾਰਾਂ ਦੀ ਮੌਤ ਵੇਖ ਵਜ਼ੀਰ ਖਾਂਨ ਦੀ ਫੌਜ਼ ਵਿੱਚ ਖਲ-ਬਲੀ ਪੈ ਗਈ। ਸਵੇਰ ਤੋਂ ਸ਼ੁਰੂ ਹੋਈ ਲੜਾਈ ਸ਼ਾਮ ਦੇ ਚਾਰ ਵਜੇ ਤੱਕ ਚਲਦੀ ਰਹੀ। ਅਚਾਨਕ ਬੰਦਾ ਸਿੰਘ ਬਹਾਦੁਰ ਨੇ ਗੁਰੂ ਗੋਬਿੰਦ ਸਿੰਘ ਵਲੋਂ ਬਖਸ਼ੇ ਪੰਜ ਤੀਰਾਂ ਵਿਚੋਂ ਇਕ ਤੀਰ ਦਾ ਨਿਸ਼ਾਨਾ ਲਾ ਕੇ ਵਜ਼ੀਰ ਖਾਂ ਵੱਲ ਮਾਰਿਆਂ ਤਾਂ ਉਹ ਹਾਥੀ ਤੋਂ ਡਿੱਗ ਪਿਆ। ਵਜ਼ੀਰ ਖਾਂ ਦੀ ਮੌਤ ਦੀ ਖ਼ਬਰ ਸੁਣਦੇ ਹੀ ਮੁਗਲ ਫੌਜ ਮੈਦਾਨ-ਏ-ਜੰਗ ਵਿੱਚੋਂ ਭੱਜ ਗਈ ਅਤੇ ਸਿੱਖਾਂ ਨੇ ਜਿੱਤ ਦੇ ਨਗਾਰੇ ਸ਼ਾਦਿਆਨੇ ਵਜਾਉਂਦੇ, ਫਤਹਿ ਯਾਬੀਆਂ ਦੀ ਸ਼ਕਲ ਵਿੱਚ ਸਰਹਿੰਦ ਵੱਲ ਤੁਰ ਪਏ। ਵਜ਼ੀਰ ਖਾਂ ਹਾਲੀ ਜੀਉਦਾ ਸੀ ਕਿ ਸਿੱਖਾਂ ਨੇ ਉਸ ਦੀਆਂ ਲਤਾਂ ਬੰਨ ਕੇ ਘੋੜੇ ਪਿੱਛੇ ਨੂੜ ਦਿੱਤਾ। ਸਰਹਿੰਦ ਦੀਆਂ ਗਲੀਆਂ, ਬਜ਼ਾਰਾਂ ਵਿੱਚ ਉਸ ਦੀ ਲਾਸ਼ ਨੂੰ ਘਸੀਟਿਆ ਗਿਆ। ਆਖਰ ਉਸ ਦੀ ਲਾਸ਼ ਨੂੰ ਇੱਕ ਦਰੱਖਤ ਨਾਲ ਪੁੱਠਾ ਲਟਕਾ ਦਿੱਤਾ ਤਾਂ ਜੋ ਜ਼ਾਲਮਾਂ ਨੂੰ ਸਬਕ ਮਿਲੇ। ਸਿੱਖਾਂ ਨੂੰ ਲਟਕਾ ਦਿੱਤਾ ਤਾਂ ਜੋ ਜ਼ਾਲਮਾਂ ਨੂੰ ਸਬਕ ਮਿਲੇ। ਸਿੱਖਾਂ ਨੂੰ ਭਾਰੀ ਜੰਗੀ ਸਮਾਨ, ਹਾਥੀ, ਘੋੜੇ, ਤੋਪਾਂ, ਹਥਿਆਰ ਹੱਥ ਲੱਗੇ ਅਤੇ ਉਹ ਜੈਕਾਰੇ ਗਜਾਂਦੇ ਸ਼ਹਿਰ ਸਰਹਿੰਦ ਵਿੱਚ ਦਾਖਲ ਹੋਏ।

ਬਹੁਤੇ ਸਾਰੇ ਫਾਰਸੀ ਲਿਖਾਰੀਆਂ ਨੇ ਬੰਦਾ ਸਿੰਘ ਬਹਾਦੁਰ ਅਤੇ ਸਿੰਘਾਂ ਨੂੰ ਔਰਤਾਂ ਅਤੇ ਬੱਚਿਆਂ ਤੇ ਜ਼ੁਲਮ ਕਰਦੇ ਵਿਖਾਉਣ ਦਾ ਯਤਨ ਕੀਤਾ ਹੈ, ਜੋ ਉਨ੍ਹਾਂ ਦੀ ਤੁਅੱਸਬੀ ਮਾਨਸਿਕਤਾ ਦਾ ਪ੍ਰਗਟਾਵਾ ਕਰਦਾ ਹੈ। ਇਸ ਤਰ੍ਹਾਂ ਲਿਖ ਕੇ ਫਾਰਸੀ ਲਿਖਾਰੀ

ਬੰਦਾ ਸਿੰਘ ਤੇ ਸਿੰਘਾਂ ਨੂੰ ਵੱਧ ਤੋਂ ਵੱਧ ਜ਼ਾਲਮ ਪੇਸ਼ ਕਰਨਾ ਚਾਹੁੰਦੇ ਹਨ। 'ਚੱਪੜ ਚਿੜ੍ਹੀ' ਦੀ ਲੜਾਈ ਦਾ ਹਾਲ ਬਹੁਤੀਆਂ ਫਾਰਸੀ ਲਿੱਖਤਾਂ ਵਿੱਚ ਆਇਆ, ਜਿਨ੍ਹਾਂ ਨੂੰ ਅਸੀਂ ਹੇਠਾਂ ਪਾਠਕਾਂ ਦੀ ਗਿਆਤ ਲਈ ਦੇਦੇਂ ਹਾਂ।

ਇਰਾਦਤ ਖਾਨ ਲਿਖਦਾ ਹੈ, "ਇਸ ਗੁਰੂ (ਬੰਦਾ ਸਿੰਘ ਬਹਾਦੁਰ) ਨੇ ਲੋਕਾਂ ਦਾ ਇੱਕਠ ਕਰ ਕੇ ਕੁਫ਼ਰ ਦੇ ਰਿਵਾਜ ਅਨੁਸਾਰ ਇਸਲਾਮ ਦੀ ਬੁਨਿਆਦ ਖਤਮ ਕਰਨ ਲਈ ਮੁਲਕ ਵਿੱਚ ਸ਼ੋਰ-ਸ਼ਰਾਬਾ ਤੇ ਫਸਾਦ ਪਾ ਕੇ ਤੇ ਸਰਹਿੰਦ ਦੇ ਫੌਜਦਾਰ ਵਜ਼ੀਰ ਖਾਂ ਨਾਲ ਜੰਗ ਕਰ ਕੇ, ਉਸ ਨੂੰ ਉਸ ਦੇ ਸਾਥੀਆਂ ਦੇ ਭਾਰੀ ਇੱਕਠ ਸਮੇਤ ਸ਼ਹੀਦ ਕਰ ਦਿੱਤਾ।[51]

ਬੁੱਧ ਸਿੰਘ ਅਰੋੜਾ ਵੀ ਵਜ਼ੀਰ ਖਾਂ ਦੀ ਮੌਤ, ਬੰਦਾ ਸਿੰਘ ਦੇ ਤੀਰ ਨਾਲ ਹੋਈ ਲਿੱਖਦਾ ਹੈ। "ਬੰਦਾ (ਸਿੰਘ ਬਹਾਦੁਰ) ਜੋ ਕਮਾਲ ਦਰਜੇ ਦਾ ਤੀਰ-ਅੰਦਾਜ ਸੀ, ਉਸ ਨੇ ਇੱਕ ਤੀਰ ਕਮਾਨ ਦੇ ਚਿੱਲੇ 'ਤੇ ਚੜਾਇਆ ਤੇ ਵਜ਼ੀਰ ਖਾਂ ਵੱਲ ਛੱਡ ਦਿੱਤਾ। ਉਹ ਤੀਰ ਵਜ਼ੀਰ ਖਾਂ ਦੇ ਆਣ ਲੱਗਾ ਤੇ ਉਹ ਜਮੀਨ ਉੱਤੇ ਡਿੱਗ ਪਿਆ ਤੇ ਜਾਨ ਅਲਾਹ ਦੇ ਸਪੁਰਦ ਕਰ ਦਿੱਤੀ। ਜਿਉਂ ਹੀ ਸਿਪਾਹੀਆਂ ਨੇ ਆਪਣੇ ਸਰਦਾਰ ਨੂੰ ਮੋਏ ਹੋਏ ਤੱਕਿਆ ਤਾਂ ਉਹ ਹਾਰ ਗਏ ਅਤੇ ਫਰਾਰ ਹੋਣ ਲਈ ਰਾਹ ਲੱਭਣ ਲੱਗੇ।"[52]

ਮਿਰਜ਼ਾ ਮੁਹੰਮਦ ਹਾਰਿਸ਼ੀ ਵੀ ਆਪਣੀ ਪੁਸਤਕ ਵਿੱਚ ਇਸ ਲੜਾਈ ਦਾ ਹਾਲ ਇਸ ਤਰ੍ਹਾਂ ਲਿਖਦਾ ਹੈ, "ਵਜ਼ੀਰ ਖਾਂ, ਜਿਹੜਾ ਕੇਵਲ ਬਾਰ੍ਹਾਂ ਹਜ਼ਾਰ ਸਵਾਰਾਂ ਨਾਲ ਇਸ ਫਸਾਦ ਦੀ ਅੱਗ ਨੂੰ ਬੁਝਾਉਣਾ ਚਾਹੁੰਦਾ ਸੀ, ਮੁਕਾਬਲੇ ਵਿੱਚ ਆ ਕੇ ਸ਼ਹੀਦੀ ਜਾਮ ਪੀ ਗਿਆ। ਬਹੁਤ ਜ਼ਿਆਦਾ ਫੌਜੀ ਕਤਲ ਤੇ ਜ਼ਖਮੀ ਹੋ ਗਏ ਅਤੇ ਜੋ ਕਤਲ ਹੋਣੋ ਬਚੇ, ਹਰ ਪਾਸੇ ਖਿੰਡ-ਪੁੰਡ ਗਏ। ਸਰਹਿੰਦ ਦੇ ਲੋਕਾਂ ਨੇ ਜਦੋਂ ਇਸ ਵੱਡੇ ਫਸਾਦ ਬਾਰੇ ਸੁਣਿਆ ਤਾਂ ਜਿਹੜਾ ਭੱਜ ਸਕਿਆ ਭੱਜ ਕੇ ਨਿਕਲ ਗਿਆ ਅਤੇ ਜਿਹੜਾ ਸ਼ਹਿਰ ਵਿੱਚ ਰਹਿ ਗਿਆ ਉਸ ਨੇ ਇਹ ਆਯਤ ਪੜੀ ਕਿ "ਸਾਰੇ ਵਜੂਦ ਮੌਤ ਦਾ ਖਾਜਾ ਹਨ" ਭਾਵ ਉਹ ਮਾਰਿਆ ਗਿਆ। ਬਦੀ ਕਰਨ ਵਾਲੇ ਕਾਫ਼ਰਾਂ (ਸਿੱਖਾਂ) ਨੇ ਮੁਸਲਮਾਨਾਂ ਨੂੰ ਕਤਲ ਕਰਨ ਲਈ ਇੰਨੀ ਜ਼ਿਆਦਤੀ ਕੀਤੀ ਕਿ ਬੱਚਿਆਂ ਨੂੰ ਵੀ ਨਾ ਛੱਡਿਆ ਬਲਕਿ ਗਰਭਵਤੀ ਔਰਤਾਂ ਦੇ ਢਿੱਡ ਪਾੜ ਕੇ ਪੇਟ ਦੇ ਅੰਦਰਲੇ ਬੱਚਿਆਂ ਨੂੰ ਤਲਵਾਰ ਦੀ ਭੇਟਾ ਚੜ੍ਹਾ ਦਿੰਦੇ ਸਨ।"[53]

ਕਾਮਰਾਜ ਬਿਨ ਨੈਣ ਸਿੰਘ ਵੀ ਲਿਖਦਾ ਹੈ, "ਦਹਾਂ ਧਿਰਾਂ ਵਲੋਂ ਬਹੁਤ ਖਿੱਚ-ਧੂਹ ਤੇ ਜੰਗ ਹੋਈ। ਬਹੁਤ ਸਾਰੇ ਆਦਮੀ ਮਾਰੇ ਗਏ। ਇਥੋਂ ਤੱਕ ਕਿ ਧੱਕੇ ਤੇ ਜ਼ੁਲਮ ਦੇ ਸਰੋਤ (ਬੰਦਾ ਸਿੰਘ ਬਹਾਦੁਰ) ਵਜ਼ੀਰ ਖਾਂ ਦਾ ਮੁਕਾਬਲਾ ਕਰਨ ਦੇ ਕਾਬਿਲ ਨਹੀਂ ਸੀ ਅਤੇ ਮੂਰਖ ਦੋਜ਼ਖੀ ਜਹੰਨਮਾਬਾਦ ਨੂੰ ਜਾਣ ਹੀ ਵਾਲਾ ਸੀ ਕਿ ਰੱਬੀ ਭਾਣੇ ਅਨੁਸਾਰ ਬੰਦੂਕ ਦੀ ਗੋਲੀ ਮਕਰ ਫਰੇਬ ਰਹਿਤ ਖਾਨ ਦੇ ਮੱਥੇ ਵਿੱਚ ਆ ਵੱਜੀ ਅਤੇ ਉਸ ਦਾ ਸੁਭਾਗਾ ਚਿਹਰਾਂ ਸ਼ਹਾਦਤ ਦੇ ਗੁਲਾਲ ਨਾਲ ਰੰਗੀਨ ਕਰ ਦਿੱਤਾ। ਉਸ ਦੇ ਹਜ਼ਾਰਾਂ ਸਾਥੀ ਵੀ ਬਹਿਸ਼ਤ ਵਿੱਚ ਜਾ ਬਿਰਾਜੇ, ਭਾਵ ਮਾਰੇ ਗਏ। ਬਾਕੀ ਦੇ ਕਾਫ਼ਿਰਾਂ (ਸਿੱਖਾਂ) ਦੇ ਡਰ ਸਦਕਾ ਆਪਣੇ ਸਾਮਾਨ ਨੂੰ ਅੱਗ ਲਾ ਕੇ ਪਰੇਸ਼ਾਨੀ ਵਿੱਚ ਫ਼ਰਾਰ ਹੋ ਗਏ।"[54]

ਖਾਫ਼ੀ ਖਾਨ ਵੀ ਇਸ ਜੰਗ ਦਾ ਹਾਲ ਇਸ ਤਰ੍ਹਾਂ ਲਿਖਦਾ ਹੈ "ਜਦ ਵਜ਼ੀਰ ਖਾਂ ਚਾਰ-ਪੰਜ ਕੋਹ (ਦੀ ਵਿੱਥ) ਤੇ ਪਹੁੰਚਿਆ ਤਾਂ ਸਿੱਖਾਂ ਨੂੰ ਖਬਰ ਹੋ ਗਈ। ਉਨ੍ਹਾਂ ਨੇ 'ਸੱਚਾ ਪਾਤਸ਼ਾਹ' ਤੇ 'ਫ਼ਤਹਿ ਦਰਸ਼ਨ' ਦੇ ਨਾਹਰੇ ਲਾਉਣੇ ਸ਼ੁਰੂ ਕਰ ਦਿੱਤੇ। ਉਹ ਵਜ਼ੀਰ ਖਾਂ ਦਾ ਮੁਕਾਬਲਾ ਕਰਨ ਲਈ ਦੋੜੇ ਅਤੇ ਬੜੀ ਬਹਾਦੁਰੀ ਨਾਲ ਹਮਲਾ ਕੀਤਾ। ਚੁਨਾਂਚਿ ਉਹ

(ਸਿੱਖ) ਤਲਵਾਰਾਂ ਧੂਹ ਕੇ ਹਾਥੀਆਂ ਉੱਚੇ ਚੜ੍ਹ ਗਏ ਤੇ ਇੱਕ ਦੋ ਹਾਥੀਆਂ ਨੂੰ ਉਨ੍ਹਾਂ ਨੇ ਡੇਗ ਵੀ ਲਿਆ। ਮੁਸਲਮਾਨ (ਸਿਪਾਹੀ) ਬੜੀ ਵੱਡੀ ਗਿਣਤੀ ਵਿੱਚ ਉਨ੍ਹਾਂ ਦੇ ਹਥੋਂ ਮਾਰੇ ਗਏ। ਮੁਸਲਮਾਨਾਂ ਦੇ ਜਵਾਬੀ ਹਮਲੇ ਦੀ ਵਜ੍ਹਾ ਕਾਰਨ ਕਾਫਿਰਾਂ ਦੇ ਪੈਰ ਉਖੜਨ ਦੇ ਕਰੀਬ ਹੀ ਸਨ ਕਿ ਅਚਾਨਕ ਬੰਦੂਕ ਦੀ ਇੱਕ ਗੋਲੀ ਵਜ਼ੀਰ ਖਾਂ ਨੂੰ ਆ ਲੱਗੀ ਤੇ ਉਸ ਨੇ ਸ਼ਹੀਦ ਦਾ ਦਰਜਾ ਪ੍ਰਾਪਤ ਕੀਤਾ। ਮੁਸਲਮਾਨਾਂ ਨੇ ਬੜੀ ਮੁਸ਼ਕਿਲ ਦਾ ਸਾਹਮਣਾ ਕਰਨਾ ਪਿਆ। ਸਾਰਾ ਜੰਗੀ ਸਾਜ਼ੋ-ਸਾਮਾਨ ਤੇ ਹਾਥੀ ਕਾਫ਼ਿਰਾਂ (ਸਿੱਖਾਂ) ਦੇ ਕਬਜ਼ੇ ਵਿੱਚ ਆ ਗਏ। ਜੋ (ਮੁਸਲਮਾਨ) ਸਵਾਰ ਜੰਗ ਵਿੱਚ ਬੱਚ ਕੇ ਨਿਕਲੇ, ਉਹ ਸਿਰਫ਼ ਆਪਣੇ ਤਨ ਦੇ ਕੱਪੜਿਆ ਨਾਲ ਹੀ ਜਾਨ ਬਚਾ ਕੇ ਭੱਜ ਸਕੇ। ਇਸ ਲੜਾਈ ਵਿੱਚ ਬੇਸ਼ੁਮਾਰ ਪਿਆਦੇ ਤੇ ਘੋੜਸਵਾਰ ਕਾਫ਼ਿਰਾਂ (ਸਿੱਖਾਂ) ਦੇ ਹਥੋਂ ਮਾਰੇ ਗਏ। ਸਿੱਖਾਂ ਦਾ ਪੇਸ਼ਵਾ (ਬੰਦਾ ਸਿੰਘ ਬਹਾਦੁਰ) ਉਨ੍ਹਾਂ ਦਾ ਪਿੱਛਾ ਕਰਦਾ ਹੋਇਆ ਸਰਹਿੰਦ ਤੱਕ ਪਹੁੰਚ ਗਿਆ।"[55]

ਮੁਹੰਮਦ ਸ਼ਫ਼ੀ ਵਾਰਿਦ ਆਪਣੀ ਫ਼ਾਰਸੀ ਪੁਸਤਕ ਵਿੱਚ ਇਸ ਲੜਾਈ ਦੇ ਹਾਲ ਦੀ ਤਫ਼ਸੀਲ ਇਸ ਤਰ੍ਹਾਂ ਦਿੱਤੀ ਹੈ, " ਸੋ ਕਸਬਾ (ਚਪੜ ਚਿੜੀ) ਦੇ ਲਾਗੇ, ਜੋ ਸਰਹਿੰਦ ਤੋਂ ਉੱਤਰ ਸ਼ਿਵਾਲਾ ਦੇ ਪਹਾੜੀ ਇਲਾਕੇ ਵੱਲ ਛੇ ਕੋਹ 'ਤੇ ਆਬਾਦ ਹੈ, ਦੋਹਾਂ ਧਿਰਾਂ ਦਾ ਟਾਕਰਾ ਹੋ ਗਿਆ। ਪਹਿਲਾਂ ਤਾਂ ਥੋੜੀ ਜਿਹੀ ਝੱਪਟ ਹੋਣ ਨਾਲ ਉਸ (ਬੰਦਾ ਸਿੰਘ) ਦੇ ਸਾਥੀ ਸਾਬਕਾ ਦਸਤੂਰ ਅਨੁਸਾਰ ਭੱਜ ਗਏ ਅਤੇ ਇਕ ਪ੍ਰਕਾਰ ਦੀ ਫ਼ਤਹਿ ਵਜ਼ੀਰ ਖਾਂ ਦੀ ਫ਼ੌਜ ਦੇ ਹੱਥ ਲੱਗ ਗਈ ਸੀ ਪਰ ਅਚਾਨਕ ਉਸ ਜੰਗਜੂ ਕਾਫ਼ਿਰ (ਬੰਦਾ ਸਿੰਘ) ਦੇ ਭਾਰੀ ਗਰੋਹ ਨੇ ਪਿੱਛੇ ਤੋਂ ਪੁੱਜ ਕੇ, ਭੱਜੇ ਜਾਂਦੇ ਸਿੱਖਾਂ ਨੂੰ ਦਿਲਾਸਾ ਦੇ ਕੇ ਤੇ ਸਾਰਿਆਂ ਨੂੰ ਇੱਕਠੇ ਕਰ ਕੇ ਮੁਸਲਮਾਨਾਂ ਦੀਆਂ ਸਫ਼ਾਂ 'ਤੇ ਹਮਲਾ ਕਰ ਦਿੱਤਾ। ਦੀਨ ਦੀ ਪਨਾਹ ਵਾਲੇ ਮੁਜਾਹਿਦਾਂ ਨੇ ਬਥੇਰੀ ਬਹਾਦੁਰੀ ਵਿਖਾਈ ਪਰੰਤੂ ਆਖਿਰਕਾਰ ਕੁੱਝ ਆਗੂਆਂ ਦੇ ਮਾਰੇ ਜਾਣ ਕਰ ਕੇ, ਵਜ਼ੀਰ ਖਾਂ ਦੇ ਲਸ਼ਕਰ ਦੀ ਹਾਰ ਹੋਈ, ਕਿਉਂਕਿ ਵਜ਼ੀਰ ਖਾਂ ਦੀ ਫ਼ੌਜ ਦਾ ਸਾਬਿਤ ਕਦਮ ਹੋਣਾ ਉਨ੍ਹਾਂ ਆਗੂਆਂ ਦੇ ਵਜੂਦ 'ਤੇ ਆਸ਼ਰਿਤ ਸੀ।"[56]

ਖੁਸ਼ਹਾਲ ਚੰਦ ਇਸ ਲੜਾਈ ਵਿੱਚ ਸਿੱਖਾਂ ਦੀ ਬਹਾਦੁਰੀ ਨੂੰ ਬਾ-ਖੂਬੀ ਬਿਆਨ ਕਰਦਿਆਂ ਲਿਖਦਾ ਹੈ, "ਸਰਹਿੰਦ ਦੇ ਫ਼ੌਜਦਾਰ ਵਜ਼ੀਰ ਖਾਂ ਨੇ ਯੋਗ (ਫੌਜੀ) ਸਮਾਨ ਲੈ ਕੇ ਮੁਕਾਬਲਾ ਕੀਤਾ। ਬਹੁਤ ਕੋਸ਼ਿਸ਼ ਕਰਨ ਉਪਰੰਤ ਉਹ ਉਨ੍ਹਾਂ ਕੀੜੇ-ਮਕੌੜਿਆਂ (ਸਿੱਖਾਂ) ਦੇ ਮੁਕਾਬਲੇ ਦੀ ਤਾਬ ਨਾ ਝੱਲਦਾ ਹੋਇਆ ਅਤੇ ਦੀਨ ਦੇ ਕੰਮ ਵਿੱਚ ਤੇ ਦੁਨੀਆ ਦੇ ਬਾਦਸ਼ਾਹ ਦੇ ਨਮਕ ਦਾ ਹੱਕ ਅਦਾ ਕਰਨ ਹਿੱਤ, ਰਣਖੇਤਰ ਵਿੱਚ ਸ਼ਹੀਦ ਹੋ ਗਿਆ। ਉਸ ਮਹਾਨ ਸਰਕਾਰ ਦੇ ਸਾਰੇ ਪਾਸਿਆਂ ਦੇ ਪਰਗਣਿਆਂ ਤੇ ਮੁਗਲਾਂ ਦੇ ਹਾਕਿਮ ਉੱਠ ਕੇ ਚਲੇ ਗਏ। ਇਸ ਕਿਆਮਤ ਤੇ ਸ਼ਾਮਤ ਰੂਪੀ ਗੜਬੜ ਨੇ ਇਸ ਜਹਾਨ ਵਿੱਚ ਪੂਰੀ ਤਰੱਥਲੀ ਪਾ ਦਿੱਤੀ ਤੇ ਭਾਰੀ ਭੂਚਾਲ ਲਿਆ ਛੱਡਿਆ।"[57]

ਸਰਹਿੰਦ ਦੇ ਬਾਸ਼ਾਂਦਿਆ ਨੇ ਜਦੋਂ ਵਜ਼ੀਰ ਖਾਂ ਦੇ ਮਰਨ ਦੀ ਖ਼ਬਰ ਸੁਣੀ ਤਾਂ ਲੋਕ ਘਰ-ਬਾਰ ਛੱਡ ਕੇ ਨੱਠ ਪਏ। ਵਜ਼ੀਰ ਖਾਂ ਦਾ ਬੇਟਾ ਆਪਣੇ ਕਬੀਲੇ ਨਾਲ ਦਿੱਲੀ ਵੱਲ ਭੱਜ ਗਿਆ। ਵਜ਼ੀਰ ਖਾਂ ਦਾ ਦੀਵਾਨ ਸੁੱਚਾ ਨੰਦ, ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨਾਲ ਧਰੋ ਕਮਾਇਆ ਸੀ ਅਤੇ ਗਰੀਬਾਂ, ਮਜ਼ਲੂਮਾਂ ਲੋਕਾਂ ਤੇ ਬੜੇ ਜ਼ੁਲਮ ਕੀਤੇ ਸਨ, ਭੱਜਣ ਦੀਆਂ ਤਿਆਰੀਆਂ ਕਰ ਰਿਹਾ ਸੀ ਕਿ ਸਿੰਘਾਂ ਨੇ ਆਣ ਦਬੋਚ ਲਿਆ। ਇਸ ਤੋਂ ਬਾਅਦ ਬੰਦਾ ਸਿੰਘ ਦੀਆਂ ਫੌਜਾਂ ਸ਼ਾਹੀ ਖਜ਼ਾਨੇ, ਸ਼ਾਹ ਮਹਿਲਾਂ,

ਅਮੀਰਾਂ ਦੇ ਮਕਾਨਾਂ ਆਦਿ ਦੀ ਖੂਬ ਲੁੱਟ ਕੀਤੀ। ਇਸ ਲੁੱਟਪੁਟ ਵਿੱਚ ਸ਼ਹਿਰ ਦੇ ਆਸ ਪਾਸ ਦੇ ਧਾੜਵੀ, ਬਦਮਾਸ਼ ਵੀ ਸਨ, ਜੋ ਮਾਲਮਤਾ ਲੁੱਟ ਕੇ ਭੱਜ ਗਏ।

ਸਿੰਘਾਂ ਨੇ ਸਰਹਿੰਦ ਦੀ ਇੱਟ ਨਾਲ ਇੱਟ ਵਜਾ ਦਿੱਤੀ। ਚੌਥੇ ਦਿਨ ਬੰਦਾ ਸਿੰਘ ਨੇ ਲੁੱਟਮਾਰ, ਹੁਕਮ ਦੇ ਕੇ ਬੰਦਾ ਕਰਾ ਦਿੱਤੀ। ਕਿਲ੍ਹੇ ਤੇ ਖਾਲਸਾਈ ਨਿਸ਼ਾਨ ਝੁਲਾ ਦਿੱਤਾ। ਸ੍ਰ. ਬਾਜ ਸਿੰਘ ਨੂੰ ਸਰਹਿੰਦ ਦਾ ਗਵਰਨਰ ਤੇ ਭਾਈ ਆਲੀ ਸਿੰਘ ਨੂੰ ਉਸਦਾ ਸਹਾਇਕ ਮੁੱਕਰਰ ਕਰ ਦਿੱਤਾ। ਇਨ੍ਹਾਂ ਦੋਵਾਂ ਸਰਦਾਰਾਂ ਨੇ ਆਲੇ ਦੁਆਲੇ ਦੇ ਸਾਰੇ ਇਲਾਕੇ ਦਾ ਪ੍ਰਬੰਧ ਸੰਭਾਲ ਲਿਆ। ਫ਼ਾਰਸੀ ਲਿਖਤਾਂ ਵਿੱਚ ਬਾਜ਼ ਸਿੰਘ ਨੂੰ ਆਮ ਤੌਰ ਤੇ ਨਾਰ ਸਿੰਘ ਕਰ ਕੇ ਲਿਖਿਆ ਹੈ। ਫ਼ਾਰਸੀ ਸ਼ਬਦਾਵਲੀ ਵਿੱਚ ਨਾਰ ਦਾ ਅਰਥ ਉਹ ਸ਼ੇਰ ਜੋ ਅੱਗ ਵਰਸਾਉਂਦਾ ਸੀ। ਸਚਮੁੱਚ ਬਾਜ ਸਿੰਘ, ਨਾਰ ਸਿੰਘ ਬਣ ਕੇ ਮੈਦਾਨ-ਏ-ਜੰਗ ਵਿੱਚ ਅਜਿਹੀ ਬਹਾਦੁਰੀ ਦੇ ਕਾਰਨਾਮੇ ਕਰਦਾ ਸੀ ਕਿ ਦੁਸ਼ਮਣਾਂ ਵਿੱਚ ਭੱੜਥੂ ਪਾ ਦੇਦੇਂ ਸੀ। ਇਸੇ ਲਈ ਬਾਜ਼ ਸਿੰਘ ਨੂੰ ਨਾਰ ਸਿੰਘ ਕਰ ਕੇ ਫ਼ਾਰਸੀ ਲਿਖਾਰੀ ਮੁੱਖਾਤਿਬ ਹੁੰਦੇ ਸਨ।

ਸਰਹਿੰਦ ਦੀ ਜਿੱਤ ਤੋਂ ਬਾਅਦ ਸੁਨਾਮ, ਘੁੜਾਮ, ਮਲੇਰਕੋਟਲਾ ਆਦਿ ਮਾਮੂਲੀ ਝੜਪਾਂ ਪਿੱਛੋਂ ਸਿੱਖਾਂ ਦੇ ਕਬਜ਼ੇ ਵਿੱਚ ਆ ਗਏ। ਸਿੱਖਾਂ ਦਾ ਸਰਹਿੰਦ ਦੇ ਕੁੱਲ ਅਠਾਈ ਪਰਗਾਣਿਆਂ ਤੇ ਕੰਟਰੋਲ ਹੋ ਚੁੱਕਾ ਸੀ। ਇਸ ਤਰ੍ਹਾਂ ਸਾਰੇ ਇਲਾਕੇ ਨੂੰ ਸ੍ਰ. ਬਾਜ਼ ਸਿੰਘ, ਬਿਨੋਦ ਸਿੰਘ, ਰਾਮ ਸਿੰਘ, ਸ਼ਾਮ ਸਿੰਘ, ਫ਼ਤਹਿ ਸਿੰਘ, ਕੋਇਰ ਸਿੰਘ ਆਦਿ ਸਿਆਸੀ ਪ੍ਰਬੰਧਕਾਂ ਦੇ ਹਵਾਲੇ ਕਰ ਦਿੱਤਾ।

ਇੱਥੇ ਇਹ ਗੈਰਤਲਬ ਹੈ ਕਿ ਸਰਹਿੰਦ ਦੀ ਲੜਾਈ ਮਗਰੋਂ ਹਜ਼ਾਰਾਂ ਦੀ ਗਿਣਤੀ ਵਿੱਚ ਹਿੰਦੂ ਤੇ ਮੁਸਲਮਾਨ ਸਿੱਖ ਧਰਮ ਵਿੱਚ ਸ਼ਾਮਲ ਹੋ ਗਏ, ਜਿਸ ਦੀ ਗਵਾਈ ਫ਼ਾਰਸੀ ਲਿੱਖਤਾਂ ਵਿੱਚ ਮੌਜੂਦ ਹੈ। 28 ਅਪ੍ਰੈਲ 1711 ਈ ਦੀ 'ਅਖ਼ਬਾਰਾਤ-ਏ-ਦਰਬਾਰ-ਮੁਆਲਾ ਦੀ ਰਿਪੋਰਟ ਅਨੁਸਾਰ ਬੰਦਾ ਸਿੰਘ ਬਹਾਦਰ ਦੀ ਫ਼ੌਜ ਵਿੱਚ 5000 ਮੁਸਲਮਾਨ ਭਰਤੀ ਹੋ ਗਏ ਹਨ ਅਤੇ ਇਨ੍ਹਾਂ ਦੀ ਗਿਣਤੀ ਦਿਨ-ਬ-ਦਿਨ ਵੱਧਦੀ ਜਾ ਰਹੀ ਹੈ। ਉਸ (ਬੰਦਾ ਸਿੰਘ) ਨੇ ਮੁਸਲਮਾਨ ਨੂੰ ਖੁੱਤਬਾ ਅਤੇ ਨਿਮਾਜ਼ ਪੜ੍ਹਨ ਦੀ ਆਜ਼ਾਦੀ ਦੇ ਦਿੱਤੀ ਹੈ। ਉਹ ਮੁਸਲਮਾਨਾਂ ਨੂੰ 'ਨਿਮਾਜ਼ੀ ਸਿੰਘ' ਕਹਿ ਕੇ ਬਲਾਉਂਦਾ ਹੈ।

"ਕੀ ਹਿੰਦੂ ਤੇ ਕੀ ਮੁਸਲਮਾਨ, ਜਿਹੜਾ ਵੀ ਉਸ ਕੋਲ ਪੁੱਜ ਗਿਆ, ਉਸ ਨੂੰ 'ਸਿੰਘ' ਦੇ ਖ਼ਿਤਾਬ ਨਾਲ ਸੰਬੋਧਨ ਕਰਵਾਂਉਦਾ ਸੀ, ਜਿਵੇਂ ਕਿ ਦੀਨਦਾਰ ਖਾਂ, ਜਿਹੜਾ ਉਸ ਇਲਾਕੇ ਦਾ ਰਈਸ ਸੀ, ਨੂੰ ਦੀਨਦਾਰ ਸਿੰਘ ਦੀ ਉਪਾਧੀ ਦਿੱਤੀ ਅਤੇ ਸਰਹਿੰਦ ਦਾ ਖ਼ਬਰ ਨਵੀਸ ਮੀਰ ਨਸੀਰੁਦੀਨ ਸਿੰਘ ਬਣ ਗਿਆ। ਇਸੇ ਤਰ੍ਹਾਂ ਬਹੁਤ ਸਾਰੇ ਲੋਕ ਇਸਲਾਮੀ ਛੱਡ ਕੇ ਝੜ ਦੇ ਰਾਹ ਪੈ ਗਏ ਤੇ ਉਸ ਦਾ ਸਾਥ ਦੇਣ ਲਈ ਪੱਕੇ ਕੌਲ ਇਕਰਾਰ ਕਰ ਲਏ।[58] ਉੱਪਰ ਦਿੱਤੀ ਸੰਖੇਪ ਚਰਚਾ ਤੋਂ ਸਪਸ਼ਟ ਹੁੰਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦੁਰ ਨੇ ਮੁਗਲ ਫ਼ੌਜਾਂ ਨੂੰ ਵੱਡੀ ਸ਼ਿਕਸਤ ਦੇ ਕੇ ਸਮਾਣਾ, ਸਢੌਰਾ, ਸਰਹਿੰਦ ਆਦਿ ਤੇ ਖਾਲਸਈ ਝੰਡੇ ਝੁੱਲਾ ਕੇ ਨਵੇਂ ਅਧਿਆਇਆਂ ਦੀ ਸ਼ੁਰੂਆਤ ਕਰ ਦਿੱਤੀ ਸੀ। ਇਸ ਦੀ ਗਵਾਹੀ ਫ਼ਾਰਸੀ ਲਿੱਖਤਾਂ ਵਿੱਚੋਂ ਬਾ-ਖੂਬੀ ਪ੍ਰਗਟ ਹੁੰਦੀ ਹੈ।

****

☬ ਸਰਹਿੰਦ ਤੋਂ ਲੈ ਕੇ ਲੋਹਗੜ੍ਹ ਕਿਲ੍ਹੇ ਤੱਕ

ਸਰਹਿੰਦ ਤੋਂ ਬਾਅਦ ਬੰਦਾ ਸਿੰਘ ਸਹਾਰਨਪੁਰ ਵੱਲ ਜ਼ਾਲਮ ਹਾਕਮ ਸੱਯਦ ਅਲੀ ਮੁਹੰਮਦ ਖ਼ਾਨ ਨੂੰ ਸਜ਼ਾ ਦੇਣ ਲਈ ਤੁਰ ਪਿਆ ਪਰ ਖ਼ਾਨ ਸੁਣਦੇ ਸਾਰ ਹੀ ਰਾਤੋ-ਰਾਤ ਰਫੂੱਚੱਕਰ ਹੋ ਗਿਆ। ਇੱਥੋਂ ਹੀ ਲਾਗੇ ਪਿੰਡ 'ਬੇ-ਹੁਟ' ਵਿੱਚ ਪੀਰ-ਜ਼ਾਦੇ ਹਿੰਦੂਆਂ ਤੇ ਬੜਾ ਜ਼ੁਲਮ ਕਰਦੇ ਸਨ। ਸਿੱਖਾਂ ਦੇ ਇਕ ਫ਼ੌਜੀ ਦਸਤੇ ਨੇ 300 ਦੇ ਕਰੀਬ ਪੀਰਜ਼ਾਦਿਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਜ਼ਲਾਲਾਬਾਦ ਉੱਪਰ ਹਮਲਾ ਸਿੱਖਾਂ ਨੇ 23 ਜੂਨ 1710 ਈ ਨੂੰ ਕੀਤਾ। ਇਹ ਸਹਾਰਨਪੁਰ ਤੋਂ 20 ਕੋਹ(60 ਕਿਲੋਮੀਟਰ) ਦੂਰ ਸੀ। ਰਸਤੇ ਵਿੱਚ ਹੋਰ ਸ਼ਹਿਰਾਂ ਨੂੰ ਫ਼ਤਹਿ ਕਰਦੇ ਸਿੰਘ ਜਲਾਲਾਬਾਦ ਪੁੱਜੇ। ਇੱਥੇ ਪੂਰੇ ਤਿੰਨ ਦਿਨ ਲੜਾਈ ਹੁੰਦੀ ਰਹੀ। ਸਿੱਖਾਂ ਨੇ ਪਠਾਣਾਂ ਦੇ ਆਗੂ ਜਮਾਲ ਖਾਨ ਤੇ ਪੀਰਖਾਨ ਨੂੰ ਮਾਰ ਦਿੱਤਾ ਅਤੇ ਪਠਾਣ ਆਗੂਆਂ ਦੀਆਂ ਲੋਥਾਂ ਚੁੱਕੇ ਕੇ ਸਿੱਖਾਂ ਦਾ ਘੇਰਾ ਤੋੜ ਕੇ ਕਿਲੇਬੰਦ ਹੋ ਗਏ। ਮੂਸਲੇਧਾਰ ਬਾਰਸ਼ਾਂ ਦੇ ਸ਼ੁਰੂ ਹੋਣ ਕਾਰਨ, ਸਿੱਖ ਕਿਲ੍ਹੇ ਨੂੰ ਕਾਬੂ ਨਾ ਕਰ ਸੱਕੇ ਅਤੇ ਇਸ ਮੁਹਿਮ ਨੂੰ ਅੱਧ-ਵਿਚਕਾਰ ਛੱਡ ਕੇ ਕਰਨਾਲ ਵੱਲ ਤੁਰ ਗਏ। ਪਠਾਣਾਂ ਨੇ ਸਿੰਘਾਂ ਦਾ ਘੇਰਾ ਉਠਦਿਆਂ ਹੀ ਸਾਰੇ ਕੈਦੀ ਸਿੰਘ ਕਤਲ ਕਰ ਦਿੱਤੇ। ਕਰਨਾਲ ਦੇ ਹਾਕਮ ਨੂੰ ਜਦੋਂ ਬੰਦਾ ਸਿੰਘ ਦੀ ਮੁਹਿੰਮ ਦਾ ਪਤਾ ਚਲਿਆ ਤਾਂ ਉਹ ਮੈਦਾਨ ਛੱਡ ਭੱਜ ਗਿਆ। ਸਿੰਘ ਪਾਣੀਪਤਾ ਤੋਂ ਵੀ ਕਾਬੂ ਹੋ ਗਏ। ਦਿੱਲੀ ਦਾ ਆਸਫ਼-ਉਲ-ਦੌਲਾ ਸੂਬੇਦਾਰ ਮੁਕਾਬਲਾ ਕਰਨ ਤੋਂ ਪਹਿਲਾਂ ਹੀ ਘਰ ਛੱਡ ਕੇ ਭੱਜ ਗਿਆ।

ਦੂਜੇ ਪਾਸੇ ਲਾਹੌਰ ਦੇ ਮੁਸਲਮਾਨ, ਸੂਬਾ ਅਸਲਮ ਖ਼ਾਨ ਅਤੇ ਮੁਲਾ/ਮੁਲਾਣਿਆਂ ਨੇ ਮੁਸਲਮਾਨਾਂ ਨੂੰ ਦੀਨ ਦਾ ਵਾਸਤਾ ਪਾ ਕੇ ਹਥਿਆਰਬੰਦ ਹੋ ਹੈਦਰੀ ਝੰਡੇ ਹੇਠ ਇੱਕਠੇ ਹੋ ਗਏ। ਯਾਦ ਰਹੇ ਕਿ ਸਿੱਖਾਂ ਨੇ ਪੂਰੀ ਫ਼ੌਜ ਨੂੰ ਚਾਰ ਹਿਸਿਆਂ ਵਿੱਚ ਵੰਡਿਆ ਸੀ। ਇਹ ਚਾਰੇ ਜੱਥੇ ਖਾਲਸੇ ਦੀਆਂ ਹੱਦਾਂ ਦਾ ਵਿਸਥਾਰ ਕਰਨ ਵਿੱਚ ਸਰਗਰਮ ਸਨ। ਇੱਕ ਜੱਥਾ ਸਿੰਘ ਦਾ ਜਿਸ ਦੀ ਗਿਣਤੀ ਇੱਕ ਹਜ਼ਾਰ ਤੋਂ ਵੱਧ ਨਹੀਂ ਸੀ, ਕਾਨੂੰਨੋ ਭਗਵੰਤ ਰਾਏ ਦੀ ਹਵੇਲੀ ਜਾ ਉਤਰਿਆ। ਮੁਸਲਮਾਨਾਂ ਨੇ ਹੈਦਰੀ ਝੰਡੇ ਹੇਠ ਭਾਰੀ ਫ਼ੌਜ ਨਾਲ ਹਵੇਲੀ ਨੂੰ ਘੇਰ ਲਿਆ। ਦੁਸ਼ਮਣ ਹਵੇਲੀ ਤੇ ਹਮਲਾ ਕਰਦੇ ਤੇ ਸਿੱਖ ਉਨ੍ਹਾਂ ਦੇ ਹਮਲਿਆਂ ਨੂੰ ਪਛਾੜ ਛੱਡਦੇ। ਸਿੱਖਾਂ ਨੇ ਗੋਲੀਆਂ ਤੇ ਤੀਰਾਂ ਨਾਲ ਸੈਂਕੜੇ ਦੁਸ਼ਮਣ ਮਾਰ ਦਿੱਤੇ । ਅੱਧੀ ਰਾਤ ਨੂੰ ਸਿੱਖ ਦੁਸ਼ਮਣ ਦੀ ਕਮਜ਼ੋਰ ਬਾਹੀ ਭੰਨ ਕੇ ਬਾਹਰ ਨਿਕਲ ਗਏ। ਸਿੱਖਾਂ ਨੇ 'ਚਮਿਆਰੀ' ਪਿੰਡ ਡੇਰੇ ਲਾਏ ਹੀ ਸਨ ਕਿ ਗਾਜ਼ੀ ਅੱਗੇ ਤੋਂ ਵਧੇਰੀ ਗਿਣਤੀ ਵਿੱਚ ਚਮਿਆਰੀ ਵੱਲ ਤੁਰ ਪਏ। ਰਸਤੇ ਵਿੱਚ ਗਰੀਬ ਜਟਾਂ ਤੇ ਜ਼ੁਲਮ ਕਰਦੇ ਚਮਿਆਰੀ ਪੁੱਜ ਗਏ। ਸਿੱਖਾਂ ਦੀ ਗਿਣਤੀ ਘੱਟ ਸੀ ਪਰ ਉਹ ਲੜਦੇ ਤੇ ਪਿੱਛਾ ਹੱਟ ਦੇ ਚਮਿਆਰੀ ਦੇ ਛੋਟੇ ਕਿਲ੍ਹੇ ਵਿੱਚ ਜਾ ਵੜੇ। ਮੂਸਲੇਧਾਰ ਬਾਰਸ਼ ਕਾਰਨ ਲੜਾਈ ਥੰਮ ਗਈ ਅਤੇ ਅਧੀ ਰਾਤ ਜਦੋਂ ਦੁਸ਼ਮਣ ਗੂੜੀ ਨੀਂਦ ਸੁੱਤੇ ਸੀ, ਸਿੱਖ ਗੜ੍ਹੀ 'ਚ ਨਿਕਲ ਦੁਸ਼ਮਣਾਂ ਨੂੰ ਮਾਰਦੇ ਇਕ ਪਾਸੇ ਨਿਕਲ ਗਏ। ਭੀਲੋਵਾਲ ਦੀ ਲੜਾਈ ਵਿੱਚ ਵੀ ਬਹਾਦੁਰ ਯੋਧਾਂ ਮੁਰਤਜ਼ਾ ਖਾਨ ਤੇ ਟੋਡਰਮਲ ਦਾ ਪੋਤਰਾ ਆਦਿ ਸਿੱਖਾਂ ਦੇ ਹਥੋਂ ਮਾਰੇ ਗਏ। ਇਸ ਤਰ੍ਹਾਂ ਲਾਹੌਰ ਦੀ ਫੌਜ਼ ਹਜ਼ਾਰਾਂ ਜਵਾਨ ਮਰਵਾਂ ਕੇ, ਲਾਹੌਰ ਨਿਮੋਸ਼ੀ ਦੀ ਹਾਲਤ ਵਿੱਚ ਪਰਤ ਗਈ।

ਇਸੇ ਤਰ੍ਹਾਂ ਸਿੱਖਾਂ ਨੇ ਜਲੰਧਰ ਦੇ ਹਾਕਮ ਸ਼ਮਸ ਖਾਨ ਨੇ ਇੱਕ ਲੱਖ ਜਹਾਦੀਆਂ

ਨਾਲ ਮੁਕਾਬਲਾ ਕੀਤਾ। ਜ਼ਬਰਦਸਤ ਲੜਾਈ ਹੋਈ ਪਰ ਫ਼ੈਸਲਾ ਨਾ ਹੋ ਸਕਿਆ। ਸ਼ਮਸ਼ ਖਾਨ ਸੁਲਤਾਨਪੁਰ ਵੱਲ ਖੁਸ਼ੀ ਦੇ ਨਗਾਰੇ ਵਜ਼ਾ ਕੇ ਤੁਰ ਪਿਆ। ਸਿੱਖਾਂ ਨੇ ਥੋੜੀ ਝੜਪ ਮਗਰੋਂ ਕਿਲ੍ਹੇ ਤੇ ਕਾਬਜ਼ ਹੋ ਗਏ। ਇਸ ਤਰ੍ਹਾਂ ਸਿੱਖਾਂ ਨੇ ਬਾਈ ਵਾਰ ਸ਼ਮਸਖਾਨ ਨਾਲ ਟਕਰਾਂ ਲਈਆਂ।

ਬਹਾਦਰ ਸ਼ਾਹ ਨੂੰ ਜਦੋਂ 30 ਗਈ 1710 ਈ: ਨੂੰ ਸਿੱਖਾਂ ਦੀਆਂ ਜਿੱਤਾਂ ਦੀ ਖ਼ਬਰ ਹੋਈ, ਉਸ ਸਮੇਂ ਉਹ ਦੱਖਣ ਦੀ ਬਗਾਵਤ ਨੂੰ ਦਬਾ ਕੇ ਅਜਮੇਰ ਪੁੱਜਾ ਸੀ। ਬਹਾਦੁਰ ਸ਼ਾਹ ਨੇ ਦਿੱਲੀ ਜਾਣ ਦੀ ਬਜਾਏ ਪੰਜਾਬ ਦਾ ਰੁੱਖ ਕੀਤਾ। ਬੰਦਾ ਸਿੰਘ ਦੀਆਂ ਜੰਗਜੂ ਕਾਰਵਾਈਆਂ ਨੂੰ ਥਾਨੇਸਰ, ਸਰਹਿੰਦ, ਸਢੌਰੇ ਆਦਿ ਦੇ ਮੁਸਲਮਾਨਾਂ ਨੇ ਵੀ ਬਾਦਸ਼ਾਹ ਨੂੰ ਆਗਾਹ ਕੀਤਾ। ਬਹਾਦੁਰ ਸ਼ਾਹ ਹਿੰਦੁਸਤਾਨ ਦੀ ਟਿੱਡੀ ਦੱਲ ਫੌਜ ਲੈ ਕੇ ਪੰਜਾਬ ਵੱਲ ਆਇਆ। ਬਾਦਸ਼ਾਹ ਨੇ ਮੁਰਾਦਾਬਾਦ, ਅਲਾਹਾਬਾਦ ਆਦਿ ਸੂਬੇਦਾਰਾਂ ਨੂੰ ਹੁਕਮ ਕੀਤਾ ਕਿ ਤੁਰੰਤ ਦਿੱਲੀ ਦੇ ਸੂਬੇਦਾਰ ਅਸਦਖਾਨ ਨਾਲ ਮਿਲ ਕੇ ਫੌਜਾਂ ਸਮੇਤ ਪੰਜਾਬ ਵੱਲ ਮਾਰਚ ਕਰਨ। ਬਾਦਸ਼ਾਹ ਰਸੂਪੁਰ ਤੇ ਨਾਰਨੌਲ ਦੇ ਰਸਤੇ ਪੰਜਾਬ ਵੱਲ ਵਧਿਆ।

ਬਾਦਸ਼ਾਹ ਨੇ 25 ਅਗਸਤ 1710 ਨੂੰ ਕੁੱਝ ਫੁਰਮਾਨ ਜਾਰੀ ਕੀਤੇ :

1. "ਫ਼ੌਜੀ ਆਮਲੇ ਚੋਂ ਕੋਈ ਫੌਜੀ ਜਾਂ ਸਿਵਲੀਅਨ ਬਾਦਸ਼ਾਹ ਸਲਾਮਤ ਦੀ ਆਗਿਆ ਬਿਨਾਂ ਦਿੱਲੀ ਨਹੀਂ ਦਾਖਲ ਹੋ ਸਕਦਾ। ਨਾ ਹੀ ਕਿਸੇ ਫੌਜੀ ਦੇ ਪ੍ਰਵਾਰ ਦਾ ਕੋਈ ਮੈਂਬਰ ਬਾਦਸ਼ਾਹ ਦੀ ਮੁਲਾਕਾਤ ਲਈ ਹੀ ਆ ਸਕਦੈ..."।

2. " ਅੱਜ ਤੋਂ ਬਾਅਦ ਦਿੱਲੀ ਜਾਂ ਇਸ ਫੌਜੀ ਕੈਂਪ ਦਾ ਕੋਈ ਹਿੰਦੂ ਦਾੜੀ ਨਹੀਂ ਰੱਖ ਸਕਦਾ।"

ਸਾਰੇ ਹਿੰਦੂਆਂ ਦੀਆਂ ਜ਼ਬਰਦਸਤੀ ਦਾੜ੍ਹੀਆਂ ਮੁੰਨ ਦਿੱਤੀਆਂ ਗਈਆਂ। ਜਿਨ੍ਹਾਂ ਹਿੰਦੂਆਂ ਨੇ ਇਨਕਾਰ ਕੀਤਾ ਉਨ੍ਹਾਂ ਨੂੰ ਤੁਰੰਤ ਨੌਕਰੀ ਤੋਂ ਬਰਖ਼ਾਸਤ ਕਰਨ ਦੇ ਹੁਕਮ ਹੋ ਗਏ। ਇਹ ਕੇਵਲ ਇਸ ਲਈ ਹੋਇਆ ਕਿ ਫੌਜ ਵਿੱਚ ਕੋਈ ਸਿੱਖਾਂ ਦਾ ਹਮਦਰਦ ਨਾ ਰਹੇ। ਬਾਦਸ਼ਾਹ ਨੇ 10 ਦਸੰਬਰ 1710 ਨੂੰ ਸਾਰੇ ਫੌਜਦਾਰਾਂ ਨੂੰ ਹੁਕਮ ਕੀਤਾ ਕਿ ਨਾਨਕ ਪੰਥੀਆਂ (ਸਿੱਖਾਂ) ਨੂੰ ਜਿੱਥੇ ਵੀ ਲੱਭਦੇ ਹਨ ਮਾਰ ਦਿੱਤਾ ਜਾਵੇ।" ਨਾਨਕ ਪਰਸਤੰਨ ਰਾ ਹਰ ਜਾ ਕੀ ਬਾ-ਯਾਬੰਦ ਬਾ-ਕਤਲ ਰਸਾਨੰਦ"।

ਮੂਸਲੇਧਾਰ ਬਾਰਸ਼ਾਂ ਹੋਣ ਕਾਰਨ 22 ਅਕਤੂਬਰ 1710 ਨੂੰ ਸ਼ਾਹੀ ਲਸ਼ਕਰ ਸੋਨੀਪਤ ਪੁੱਜਾ। ਇੱਥੇ ਹੀ ਬਾਦਸ਼ਾਹ ਨੂੰ ਜਲੰਧਰ ਦੋਆਬ ਦੇ ਫ਼ੌਜਦਾਰ ਸ਼ਮਸਦੀਨ ਖਾਨ ਦਾ ਮੁਰਾਸਲਾ ਮਿਲਿਆ ਕਿ 12 ਅਕਤੂਬਰ 1710 ਈ. ਨੂੰ ਉਸਨੇ ਸਿੱਖਾਂ ਨੂੰ ਤਕੜੀ ਹਾਰ ਦਿੱਤੀ ਹੈ। ਇਸ ਮਗਰੋਂ 30 ਅਕਤੂਬਰ 1710 ਨੂੰ ਰੁਸਤਮ ਦਿਲ ਖਾਂ, ਮੁਹੰਮਦ ਅਮੀਨ ਖਾਂ, ਭਰਤਪੁਰ ਦਾ ਜਾਟ ਸਰਦਾਰ ਚੂੜਾਮਾਣਿ, ਫਰੋਜ਼ ਖਾਂ ਮੈਵਾਤੀ ਤੇ ਮੁਹਾਬਤ ਖਾਂ ਦੀ ਕਮਾਨ ਹੇਠ ਭਾਰੀ ਲਸ਼ਕਰ ਥਾਨੇਸਰ ਵੱਲੋ ਵਧਿਆ।

ਥਾਨੇਸਰ ਦੀ ਹਕੂਮਤ ਬੰਦਾ ਸਿੰਘ ਨੇ ਬਾਬਾ ਬਿਨੋਦ ਸਿੰਘ ਅਤੇ ਹਾਕਮ ਸਿੰਘ ਦੇ ਸਪੁਰਦ ਕੀਤੀ ਹੋਈ ਸੀ। ਸੋ ਉਹ ਆਪਣੀ ਫੌਜ ਲੈ ਕੇ ਸ਼ਾਹੀ ਲਸ਼ਕਰ ਦੇ ਮੁਕਾਬਲੇ ਆ ਡੱਟੇ। ਕਰਨਾਲ ਤੋਂ 25 ਕੁ ਮੀਲ ਦੇ ਫਾਸਲੇ ਤੇ ਸਿੱਖਾਂ ਦੀ ਸ਼ਾਹੀ ਫੌਜ ਨਾਲ ਪਹਿਲੀ ਟੱਕਰ ਹੋਈ। ਦੋਵਾਂ ਪਾਸਿਆਂ ਤੋਂ ਹਜ਼ਾਰਾਂ ਫੌਜੀ ਮਾਰੇ ਗਏ। ਆਖਰ ਸਿੱਖਾਂ ਨੂੰ ਭਾਰੀ ਨੁਕਸਾਨ

ਉਠਾ ਕੇ ਪਿੱਛੇ ਹੱਟਣਾ ਪਿਆ। ਹਜ਼ਾਰਾਂ ਸਿੱਖ ਸ਼ਹੀਦੀ ਦਾ ਜਾਮ ਪੀ ਗਏ। ਫੌਜਦਾਰ ਫ਼ਰੋਜ਼ ਖਾਂ ਮੈਵਾਤੀ ਦੇ ਹਰਾਵਲ ਦਸਤੇ ਨੇ 300 ਸਿੱਖਾਂ ਦੇ ਸਿਰ ਕੱਟ ਕੇ ਬਹਾਦੁਰ ਸ਼ਾਹ ਨੂੰ ਭੇਜੇ। ਸਿਰ ਦੇਖ ਕੇ ਬਾਦਸ਼ਾਹ ਬੜਾ ਖੁਸ਼ ਹੋਇਆ ਅਤੇ ਹੁਕਮ ਨਾਸਰ ਕੀਤਾ ਕਿ ਜਿੱਥੇ ਵੀ ਸਿੱਖ ਦੱਸਣ ਉਨ੍ਹਾਂ ਨੂੰ ਕਤਲ ਕਰ ਦਿੱਤਾ ਜਾਵੇ। ਇਸ ਲੜਾਈ ਵਿੱਚ ਸਿੱਖ ਪਿੱਛੇ ਹੱਟ ਕੇ ਉਹ ਅਮੀਨਗੜ੍ਹ ਕਿਲ੍ਹੇ ਵਿੱਚ ਆ ਗਏ।

ਥਾਨੇਸਰ ਤੇ ਤਰਾਵੜੀ ਵਿੱਚਕਾਰ ਇੱਕ ਭਾਰੀ ਜੰਗਲ ਹੈ, ਇੱਥੇ ਹੀ ਅਮੀਨਗੜ੍ਹ ਕਿਲ੍ਹਾ ਹੈ। ਪਹਿਲੇ ਹੱਲੇ ਵਿੱਚ ਹੀ ਸਿੱਖਾਂ ਨੇ ਜ਼ਬਰਦਸਤ ਹਲਾ ਕੀਤਾ ਪਰ ਸ਼ਾਹੀ ਟਿੱਡੀ ਦਲ ਨਾਲ ਦੋ ਹੱਥ ਕਰਨੇ ਕੋਈ ਆਸਾਨ ਕੰਮ ਨਹੀਂ ਸੀ। ਸਿੱਖ ਨੁਕਸਾਨ ਉਠਾ, ਦੁਸ਼ਮਣਾਂ ਦੇ ਆਹੂ ਲਾਹੁੰਦੇ ਥਾਨੇਸਰ ਸਰਹਿੰਦ ਤੇ ਲੋਹਗੜ੍ਹ ਵੱਲ ਨਿਕਲ ਗਏ। ਸ਼ਾਹਆਬਾਦ ਵਿਖੇ ਸ਼ਾਹੀ ਫੌਜ ਨਾਲ ਟਾਕਰੇ ਵਿੱਚ ਵੀ ਕਈ ਸਿੱਖ ਫੌਜੀ ਮਾਰੇ ਗਏ।

ਜੰਮੂ ਦਾ ਫ਼ੌਜਦਾਰ ਬਜ਼ੀਦ ਖਾਂ, ਬਾਦਸ਼ਾਹ ਦੇ ਹੁਕਮ ਨਾਲ ਹਜ਼ਾਰਾਂ ਫ਼ੌਜੀਆਂ ਨਾਲ ਪਾਨੀਪਤ ਪੁੱਜਾ ਤਾਂ ਸਿੱਖਾਂ ਨੇ ਉਸ ਦਾ ਰਾਹ ਰੋਕ ਲਿਆ। ਪਰ ਫ਼ਰੋਜ਼ਖਾਨ ਦੇ ਫ਼ੌਜੀ ਦਸਤੇ ਦੇ ਸਮੇਂ ਸਿਰ ਆ ਜਾਣ ਕਾਰਨ, ਉਨ੍ਹਾਂ ਸਿੱਖਾਂ ਤੇ ਵੱਡਾ ਹਮਲਾ ਬੋਲਿਆ। ਸਿੱਖ ਸਰਹਿੰਦ ਵੱਲ ਪਿੱਛੇ ਹੱਟ ਕੇ ਕਿਲ੍ਹੇ ਵਿੱਚ ਦਾਖ਼ਲ ਹੋ ਗਏ। ਉਸ ਸਮੇਂ ਸ਼ਾਹੀ ਫੌਜਾਂ ਨੇ ਸਿੱਖਾਂ ਨੂੰ ਘੇਰੇ ਵਿੱਚ ਲੈ ਲਿਆ। ਕੇਂਦਰ ਦੀ ਸ਼ਾਹੀ ਫੌਜ ਬੜੀ ਤੇਜ਼ੀ ਨਾਲ ਮਾਰਚ ਕਰਦੀ 13 ਅਕਤੂਬਰ ਨੂੰ ਸਢੋਰੇ ਆਣ ਪੁੱਜੀ। ਪਰ ਉਸ ਤੋਂ ਕੁੱਝ ਸਮੇਂ ਪਹਿਲਾਂ ਹੀ ਤਿੰਨ ਹਜ਼ਾਰ ਘੋੜ-ਸਵਾਰ ਤੇ ਦਸ ਹਜ਼ਾਰ ਪੈਦਲ ਸਿੱਖ ਫੌਜ ਮਾਰਚ ਕਰਦੇ ਸਢੋਰੇ ਤੋਂ ਪੱਛਮ ਵੱਲ ਨਿਕਲ ਗਏ ਸਨ। ਸ਼ਾਹੀ ਫੌਜ ਨਾਲ ਟੱਕਰ ਲੈਣੀ ਮੁਨਾਸਬ ਨਾ ਸਮਝੀ ਅਤੇ ਪਹਾੜਾਂ ਵੱਲ ਚਲੇ ਗਏ। ਬੰਦਾ ਸਿੰਘ ਨੇ ਜੰਮੂ ਆਦਿ ਪਹਾੜਾਂ ਤੋਂ ਆਪਣੇ ਹਮਲੇ ਜਾਰੀ ਰੱਖੇ।

ਬੰਦਾ ਸਿੰਘ ਬਹਾਦਰ ਉਸ ਸਮੇਂ ਮੁਖਲਸਪੁਰ ਵਿੱਚ ਕਿਲ੍ਹਾ ਦੀ ਮੁਰੰਮਤ ਕਰ ਰਿਹਾ ਸੀ। ਬੰਦਾ ਸਿੰਘ ਨੇ ਇਸ ਨੂੰ ਸਿੱਖ ਰਾਜ ਦੀ ਪਹਿਲੀ ਰਾਜਧਾਨੀ ਬਣਾ ਕੇ ਨਾਮ 'ਲੋਹਗੜ੍ਹ' ਰੱਖਿਆ। ਇਸ ਕਿਲ੍ਹੇ ਉਪਰ ਖਾਲਸਾਈ ਨਿਸ਼ਾਨ ਝੁੱਲਾ ਕੇ ਕੁੱਝ ਛੋਟੀਆਂ ਤੋਪਾਂ ਵੀ ਗੱਡ ਦਿੱਤੀਆਂ। ਇੱਥੇ ਹੀ ਉਸ ਨੇ ਖਾਲਸਾ ਦਾ ਪਹਿਲਾ ਸਿੱਕਾ ਚਾਲੂ ਕੀਤਾ, ਜਿਸ ਤੇ ਅੰਕਿਤ ਸ਼ਬਦ ਇਹ ਸਨ :

سکہ زد بر ہر دو عالم تیغ نانک واہب است
فتح گوبند سنگھ شاہ شاہان فضل سچا صاحب است

ਸਿੱਕਾ ਜਦ ਬਰ ਹਰਦੋ ਆੱਲਿਮ ਤੇਗ਼ਿ ਨਾਨਕ ਵਾਹਿਬਸਤ।

ਫ਼ਤਿਹ ਗੋਬਿੰਦ ਸਿੰਘ ਸ਼ਾਹਿਸ਼ਾਹਾਂ ਫ਼ਜ਼ਲਿ ਸੱਚਾ ਸਾਹਿਬਸਤ।

(ਗੁਰੂ ਨਾਨਕ ਦੀ ਬਖਸ਼ੀ ਹੋਈ ਤੇਗ ਦੀ ਬਖਸ਼ਸ਼ ਹੋਈ ਦੋ ਜਹਾਨਾਂ 'ਤੇ ਸਿੱਕਾ ਮਾਰਿਆ। ਸ਼ਾਹਾਂ ਦੇ ਸ਼ਾਹ ਗੁਰੂ ਗੋਬਿੰਦ ਸਿੰਘ ਦੀ ਫ਼ਤਿਹ ਹੋਈ, ਰੱਬ ਸੱਚੇ ਨੇ ਮਿਹਰਾਂ ਕੀਤੀਆਂ।)

ਦੂਸਰੇ ਪਾਸੇ ਅੰਕਿਤ ਸੀ :

ضرب بامان الدہر صورت شہر زینت التخت مبارک بخت

ਜ਼ਰਬ-ਬ-ਅਮਾਨੁਲ ਦਹਰ ਮੱਸਵਰਤ ਸ਼ਹਰ ਜ਼ੀਨਤੁਲ ਤਖ਼ਤ ਮੁਬਾਰਕ ਬਖ਼ਤ। (ਸੰਸਾਰ ਦਾ ਸ਼ਾਂਤੀ ਅਸਥਾਨ ਸ਼ਹਿਰਾਂ ਦੀ ਮੂਰਤ, ਧੰਨਭਾਗੀ ਰਾਜਧਾਨੀ ਤੋਂ ਜਾਰੀ ਹੋਇਆ।)

ਪਰ ਬੰਦਾ ਸਿੰਘ ਬਹਾਦੁਰ ਵੱਲੋਂ ਜੋ ਫ਼ਰਮਾਨਾਂ।ਹੁਕਮ ਨਾਮਿਆਂ ਉੱਤੇ ਜੋ ਮੁਹਰ ਲੱਗਦੀ ਸੀ, ਉਸ ਦੀ ਇਬਾਰਤ ਇਸ ਤਰ੍ਹਾਂ ਸੀ :

دیگ و تیغ و فتح و نصرت بیدرنگ
یافت از نانک گرو گوبند سنگھ

ਦੇਗੋ ਤੇਗੋ ਫ਼ਤਿਹ ਨਸਰਤ ਬੇ-ਦਰੰਗ।
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।
(ਦੇਗ ਤੇਗ ਫ਼ਤਿਹ ਤੇ ਸੇਵਾ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੇ ਦਰੋਂ ਪ੍ਰਾਪਤ ਹੋਈ।)

ਦੂਜੇ ਪਾਸੇ ਸ਼ਮਸ ਖਾਨ ਆਪਣੀਆਂ ਫੌਜਾਂ ਲੈ ਸਰਹਿੰਦ ਨੂੰ ਫ਼ਤਹਿ ਕਰਨ ਲਈ ਤੁਰ ਪਿਆ। ਇਥੇ ਭਾਵੇਂ ਸਿੱਖਾਂ ਦੀ ਫ਼ੌਜੀ ਤਾਕਤ ਕਮਜ਼ੋਰ ਸੀ ਪਰ ਸਰਹਿੰਦ ਵਿੱਚ ਸਿੱਖ ਫ਼ੌਜੀ ਸ੍ਰ. ਸੁਖਾ ਸਿੰਘ ਤੇ ਸ੍ਰ. ਸ਼ਾਮ ਸਿੰਘ ਦੀ ਰਹਿਬਰੀ ਵਿੱਚ ਸ਼ਹਿਰੋਂ ਬਾਹਰ ਆ ਕੇ ਜੰਗ ਕੀਤੀ। ਸ੍ਰ. ਸੁੱਖਾ ਸਿੰਘ ਦੇ ਸ਼ਹੀਦੀ ਪਿੱਛੋਂ, ਸਿੱਖ ਫ਼ੌਜਾਂ ਪਿੱਛੇ ਹੱਟ ਕੇ ਕਿਲੇਬੰਦ ਹੋ ਬੈਠੀ। ਸ਼ਮਸ ਖਾਨ ਨੇ ਕਿਲ੍ਹੇ ਨੂੰ ਘੇਰ ਲਿਆ ਸੀ। ਦੂਰੇ ਪਾਸੇ ਦਿੱਲੀ ਦੀ ਸ਼ਾਹੀ ਫੌਜ ਸਿਰ ਤੇ ਪਹੁੰਚ ਚੁੱਕੀ ਸੀ। ਇਸ ਲਈ ਸਿੱਖ ਰਾਤ ਨੂੰ ਕਿਲ੍ਹਾ ਛੱਡ ਕੇ ਲੋਹਗੜ੍ਹ ਵੱਲ ਚੱਲੇ ਗਏ। ਇਸ ਤਰ੍ਹਾਂ ਸਰਹਿੰਦ ਤੇ ਸ਼ਮਸਖਾਨ ਦਾ ਕਬਜ਼ਾ ਹੋ ਗਿਆ। ਬਹਾਦਰ ਸ਼ਾਹ ਦੀ ਸ਼ਾਹੀ ਫ਼ੌਜ ਨੇ 4 ਦਸੰਬਰ 1710 ਈ. ਨੂੰ ਸਢੋਰੇ ਵਿੱਚ ਸਿੱਖਾਂ ਨੂੰ ਜਾ ਘੇਰਿਆ। ਸਿੱਖਾਂ ਨੇ ਸ਼ਾਹੀ ਫ਼ੌਜ ਦੇ ਨਾਮੀ ਯੋਧਿਆਂ ਨੂੰ ਤਲਵਾਰ ਦੇ ਘਾਟ ਉਤਾਰਿਆ। ਸਿੱਖ ਇਥੋਂ ਨਿਕਲ ਕੇ ਲੋਹਗੜ੍ਹ ਕਿਲ੍ਹੇ ਵੱਲ ਚਲੇ ਗਏ ਜਿੱਥੇ ਬਾਬਾ ਬੰਦਾ ਸਿੰਘ ਬਹਾਦੁਰ ਪਹਿਲਾਂ ਹੀ ਕਿਲ੍ਹੇ-ਬੰਦ ਹੋ ਬੈਠਾ ਸੀ।

ਲੋਹਗੜ੍ਹ ਦਾ ਕਿਲ੍ਹਾ ਬੜ੍ਹਾ ਪੁਰਾਣਾ ਸ਼ਾਹਜਹਾਨ ਦੇ ਸਮੇਂ ਦਾ ਕਿਲ੍ਹਾ ਸੀ। ਸਢੋਰੇ ਤੋਂ ਪੰਜ ਕੁ ਮੀਲ ਦੇ ਫ਼ਾਸਲੇ ਤੇ ਪਹਾੜੀ ਦੇ ਦਾਮਨ ਵਿੱਚ ਸਥਿੱਤ ਹੈ। ਸ਼ਾਹਜਹਾਨ ਨੂੰ ਇਮਾਰਤਸਾਜ਼ੀ ਦਾ ਬੜਾ ਸ਼ੌਕ ਸੀ, ਜਦੋਂ ਉਹ ਇੱਕ ਵੇਰ ਸਢੋਰੇ ਗਿਆ ਤਾਂ ਉਥੋਂ ਦੇ ਹਾਕਮ ਮੁਖਲਸ ਖਾਨ ਨੂੰ ਇਸ ਥਾਂ ਤੇ ਮਜ਼ਬੂਤ ਕਿਲ੍ਹਾ ਤੇ ਮਹੱਲ ਤਿਆਰ ਕਰਨ ਦਾ ਹੁਕਮ ਦਿੱਤਾ। ਇੱਥੇ ਨੇੜੇ ਹੀ ਅਤਿ ਸੁੰਦਰ ਸ਼ਿਕਾਰਗਾਹ ਵੀ ਸੀ। ਕਿਲ੍ਹਾ ਉਸਾਰ ਕੇ ਮੁਖਲਸ ਖਾਂ ਨੇ ਕਿਲ੍ਹੇ ਦਾ ਨਾਂ ਮੁਖਲਸ ਗੜ੍ਹ ਤੇ ਨਗਰ ਦਾ ਨਾਂ ਮੁਖਲਸਪੁਰ ਰੱਖਿਆ। ਸ਼ਾਹਜਹਾਂ ਕਸ਼ਮੀਰ ਜਾਣ ਸਮੇਂ ਇੱਥੇ ਮੁਕਾਮ ਕਰਦਾ ਸੀ।

ਬੰਦਾ ਸਿੰਘ ਨੇ ਇਸ ਕਿਲ੍ਹੇ ਨੂੰ ਚੰਗੀ ਤਰ੍ਹਾਂ ਮੁਰੰਮਤ ਕਰ ਕੇ ਇਸ ਦਾ ਨਾਂ

'ਲੋਹਗੜ੍ਹ' ਰੱਖ ਕੇ ਇਸ ਨੂੰ ਆਪਣੀ ਰਾਜਧਾਨੀ ਬਣਾਇਆ। ਬੰਦਾ ਸਿੰਘ ਨੇ ਇਸ ਕਿਲ੍ਹੇ ਵਿੱਚ ਮਾਲ, ਸਿੱਕਾ ਬਾਰੂਦ ਤੇ ਰਾਸ਼ਨ ਆਦਿ ਕਾਫ਼ੀ ਮਿਕਦਾਰ ਵਿੱਚ ਜਮਾਂ ਕਰ ਦਿੱਤਾ ਸੀ। ਇਹ ਸਭ ਤੋਂ ਸੁਰਖਿਅਤ ਸੀ ਅਤੇ ਕੋਈ ਆਮ ਫ਼ੌਜ ਇੱਥੇ ਨਹੀਂ ਸੀ ਅਪੜ ਸਕਦੀਆਂ। ਕਿਲ੍ਹਾ, ਆਸਪਾਸ ਤੋਂ ਪਾਣੀ ਦੀਆਂ ਵੱਡੀਆਂ ਵੱਡੀਆਂ ਖਾਈਆਂ ਨਾਲ ਘਿਰਿਆ ਹੋਇਆ ਸੀ ਤੇ ਸਢੌਰਾ ਇਸ ਦੇ ਪੈਰਾਂ ਵਿੱਚ ਸੀ। ਸਢੌਰੇ ਦੇ ਸਿੱਖ ਫ਼ੌਜ ਵੀ ਇਸੇ ਸੁੱਰਖਿਅਤ ਕਿਲ੍ਹੇ ਵਿੱਚ ਆ ਗਈ ਸੀ।

ਮੁਹਾਬਤ ਖਾਨ, ਫ਼ਰੋਜ਼ ਖਾਨ ਮੈਵਾਤੀ, ਅਫ਼ਜ਼ਲ ਖਾਨ ਤੇ ਰੁਸਤਮ ਦਿਲ ਖਾਨ ਆਦਿ ਜਰਨੈਲ ਸ਼ਾਹੀ ਫ਼ੌਜ ਦੀ ਕਮਾਨ ਕਰ ਰਹੇ ਸਨ। 9 ਸਤੰਬਰ 1710 ਈ. ਨੂੰ ਬਹਾਦਰਸ਼ਾਹ ਦੀ ਅਗਵਾਈ ਹੇਠ ਸੱਠ ਹਜ਼ਾਰ ਫੌਜੀਆਂ ਨੇ ਕਿਲ੍ਹੇ ਨੂੰ ਘੇਰ ਲਿਆ ਅਤੇ ਕਿਸੇ ਫੌਜੀ ਨੇ ਕਿਲ੍ਹੇ ਤੇ ਹਮਲਾ ਨਾ ਕੀਤਾ। ਬਹਾਦੁਰ ਸ਼ਾਹ ਨੇ ਖਾਸ ਹੁਕਮ ਦਿੱਤਾ ਕਿ ਕਿਲ੍ਹੇ ਪੁਰ ਹਮਲਾ ਬਿਲਕੁਲ ਨਾ ਕੀਤਾ ਜਾਵੇ, ਸਗੋਂ ਚਾਰ ਪਾਸਿਓਂ ਤੋਂ ਰਾਹ ਰੋਕ ਕੇ ਯੋਗ ਵਕਤ ਦੀ ਉਡੀਕ ਕੀਤੀ ਜਾਵੇ। ਲੋਹਗੜ੍ਹ ਦੀ ਪਹਿਲੀ ਲੜਾਈ ਦਾ ਨਕਸ਼ਾ ਕਾਮਰਾਜ ਬਿਨ ਨੈਣ ਸਿੰਘ ਇੰਝ ਖਿੱਚਦਾ ਹੈ, "ਉਹ ਮੂਰਖਤਾ ਸਦਕਾ 'ਰੱਬੀ-ਉਲ-ਇਜ਼ਤ' ਕਹਿਣ ਦੀ ਬਜਾਇ 'ਵਾਹਿਗੁਰੂ' ਕਹਿੰਦੇ ਹਨ। ਸੰਖੇਪ ਤੌਰ 'ਤੇ ਕਿਹਾ ਜਾਵੇ ਤਾਂ ਉਸ ਬੇਦੀਨੇ ਗਰੋਹ (ਸਿੱਖਾਂ) ਦਾ ਦਸਤੂਰ ਹਿੰਦੂਆਂ ਤੇ ਮੁਸਲਮਾਨਾਂ ਦੇ ਮਜ਼ਬਾਂ ਨਾਲੋਂ ਵੱਖਰਾ ਹੈ, ਪਰ ਉਸ ਬੇਵਕੂਫ ਗਰੋਹ ਦਾ ਭਰੋਸਾ ਤੇ ਸੱਚਾਈ-ਸਾਰਿਆਂ ਨਾਲੋਂ ਵੱਖਰਾ ਤੇ ਰਾਹ ਵਿੱਚ ਰੋੜਾ ਅਟਕਾਉਣ ਵਾਲਾ ਵਧੇਰੇ ਹੈ। ਮੁੱਕਦੀ ਗੱਲ ਉਸ ਭੈੜੇ ਅੰਤ ਵਾਲੇ ਕਾਫ਼ਿਰ (ਬੰਦਾ ਸਿੰਘ ਬਹਾਦੁਰ) ਨੇ ਦੋ ਪਹਾੜਾਂ ਦੇ ਦਰਮਿਆਨ ਅਕਾਸ਼ ਦੇ ਦਬਦਬੇ ਵਾਲੇ ਕਿਲ੍ਹੇ ਜਿਸ ਦੇ ਉਸ ਪਾਸੇ ਲੰਬਾ ਚੋੜਾ ਮੈਦਾਨ ਸੀ, ਆਪਣੇ ਤੇ ਦੂਜੇ ਕਰੀਬੀ ਫ਼ਸਾਦੀਆਂ ਦੇ ਠਹਿਰਨ ਲਈ ਜਗ੍ਹਾ ਬਣਾਈ। ਉਸ ਕਿਲ੍ਹੇ ਦੇ ਸਾਹਮਣੇ ਇਕ ਪੱਕਾ ਬੰਨ੍ਹ ਤਿਆਰ ਕੀਤਾ, ਜਿਸ ਦੀ ਲੰਬਾਈ ਅੱਧਾ ਕੋਹ ਸੀ ਤੇ ਚੌੜਾਈ ਇਕ ਗਜ਼। ਉਸ ਨੂੰ ਉਸ ਨੇ ਮਿੱਟੀ ਤੇ ਲੱਕੜਾਂ ਨਾਲ ਚੰਗੀ ਤਰ੍ਹਾਂ ਬੰਦ ਕਰ ਦਿੱਤਾ। ਕਮਾਲ ਦੀ ਡੂੰਘੀ ਖਾਈ ਪੁੱਟੀ ਗਈ।"[59]

ਸਿੱਖਾਂ ਦੇ ਛੋਟੇ ਛੋਟੇ ਦਸਤੇ ਅਚਾਨਕ ਰਾਤ ਸੁੱਤੇ ਦੁਸ਼ਮਣਾਂ ਤੋਂ ਖਾਣ ਪੀਣ ਦਾ ਸਮਾਨ ਖੋਹ ਕੇ, ਕਿਲ੍ਹੇ ਵਿੱਚ ਬੰਦ ਹੋ ਜਾਂਦੇ। ਸ਼ਾਹੀ ਫ਼ੌਜ ਨੂੰ ਕਿਲ੍ਹੇ ਨੂੰ ਘੇਰਿਆਂ ਡੇਢ ਮਹੀਨਾ ਹੋ ਗਿਆ ਸੀ ਪਰ ਉਹ ਸਿੱਖਾਂ ਦਾ ਕੁੱਝ ਨਾ ਵਿਗਾੜ ਸਕੇ। ਉਪਰੋਂ ਪੋਹ ਦਾ ਮਹੀਨਾ ਆ ਗਿਆ ਤੇ ਮੂਸਲੇਧਾਰ ਬਾਰਸ਼ਾਂ ਦਾ ਕਹਿਰ ਟੁੱਟ ਪਿਆ। ਹਿੰਦੁਸਤਾਨੀ ਫ਼ੌਜਾਂ ਨੇ ਜਿੱਥੇ ਡੇਰੇ ਲਾਏ ਸਨ, ਉਹ ਸਾਰੀ ਥਾਂ ਜਲਥੱਲ ਹੋ ਗਈ। ਫ਼ੌਜੀ ਤੇ ਘੋੜੇ ਸਰਦੀ ਕਾਰਨ ਇਨੇ ਮਰੇ ਕਿ ਉਨ੍ਹਾਂ ਨੂੰ ਸੰਭਾਲਣ ਵਾਲਾ ਤਾਂ ਇੱਕ ਪਾਸੇ, ਉਨ੍ਹਾਂ ਦੀ ਸੜਾਂਦ ਦੂਰ ਦੂਰ ਤੱਕ ਫੈਲ ਗਈ। ਇੰਝ ਫੌਜ ਵਿੱਚ ਬੀਮਾਰੀ ਪੈ ਜਾਣ ਦਾ ਡਰ ਪੈਦਾ ਹੋ ਗਿਆ। ਬਾਰਸ਼ਾਂ, ਠੰਡੀ ਹਵਾਵਾਂ ਨਾਲ ਫ਼ੌਜ ਦਾ ਬੁਰਾ ਹਾਲ ਹੋਇਆ। ਸ਼ਾਹੀ ਫੌਜੀ ਖੁਲਮ ਖੁਲਾ ਆਖਦੇ ਸਨ ਕਿ ਇਹ ਸਭ 'ਬੰਦੇ ਜਾਦੂਗਰ' ਦਾ ਕਾਰਾ ਹੈ। ਇਨ੍ਹਾਂ ਹਾਲਾਤਾਂ ਵਿੱਚ ਹੀ ਸਿੱਖਾਂ ਨੇ ਆਪਣੇ ਹਲੇ ਤੇਜ ਕਰ ਦਿੱਤੇ। ਪਰ ਤੇਜ਼ ਧੁੱਪ ਨਿਕਲਦੇ ਸਾਰ ਸ਼ਾਹੀ ਫੌਜਾਂ ਸਿੱਖਾਂ ਨਾਲ ਟਾਕਰਾ ਲੈਣ ਲਈ ਤਿਆਰ ਹੋ ਜਾਂਦੀ। ਬਾਦਸ਼ਾਹ ਦਾ ਹੁਕਮ ਸੀ ਕਿ ਕਿਲ੍ਹੇ ਦੇ ਨੇੜੇ ਕੋਈ ਫ਼ੌਜੀ ਦਸਤਾ ਨਾ ਜਾਵੇ ਪਰ ਖ਼ਾਨਖਾਨਾ ਇਸ ਰੋਜ਼-ਰੋਜ਼ ਦੀ ਅਵਾਜ਼ਾਰੀ ਤੋਂ ਤੰਗ ਆ ਗਿਆ ਸੀ।

ਬਾਦਸ਼ਾਹ ਬਹਾਦਰਸ਼ਾਹ ਕਿਲ੍ਹੇ ਲੋਹਗੜ੍ਹ ਕੋਲ ਪੁੱਜ ਕੇ ਮੁਨੀਮਖਾਨ (ਖਾਨਿ-ਖਾਨਾਂ) ਨੂੰ 30,000 ਸਵਾਰਾਂ ਸਮੇਤ ਲੋਹਗੜ੍ਹ ਕਿਲ੍ਹੇ ਨੂੰ ਤਿੰਨ ਪਾਸਿਉਂ ਤੋਂ ਹਮਲਾ ਕਰਨ ਦੀ ਹਦਾਇਤ ਕੀਤੀ। ਸੂਰਜ ਢੱਲਦੇ ਸਾਰ ਹੀ ਬੰਦਾ ਸਿੰਘ ਬਹਾਦੁਰ ਆਪਣੇ ਖਾਸ ਜਾਨ-ਨੀਸਾਰਾਂ ਸਮੇਤ ਰਾਜਾ ਬਰਫ਼ੀ ਦੇ ਇਲਾਕੇ ਵੱਲ ਚਲਾ ਗਿਆ। ਇਸ ਦਾ ਜ਼ਿਕਰ ਮੁਹੰਮਦ ਕਾਸਿਮ ਲਾਹੌਰੀ ਵੀ ਆਪਣੀ ਲਿੱਖਤ ਵਿੱਚ ਕਰਦਾ ਹੈ, "ਕਿਲ੍ਹੇ ਦਾ ਮੁਹਾਸਿਰਾ ਦੋ ਮਹੀਨੇ ਤੱਕ ਚੱਲਦਾ ਰਿਹਾ। ਉਸ ਹਰਫ਼ਨ ਮੌਲਾ ਜਾਦੂਗਰ (ਬੰਦਾ ਸਿੰਘ) ਨੇ ਹਰੇਕ ਹੀਲਾ ਵਰਤਿਆ। ਆਖਿਰਕਾਰ ਉਹ ਕੁੱਝ ਲੂਣ-ਹਰਾਮੀ ਮੋਰਚਾਬੰਦੀ ਕਰਨ ਵਾਲਿਆਂ ਨਾਲ ਮਿਲ ਕੇ ਇੱਕ ਪਾਸੇ ਤੋਂ ਬਾਹਰ ਨਿਕਲ ਗਿਆ ਅਤੇ ਜੰਮੂ ਦੇ ਪਹਾੜ ਦੇ ਕੰਢੀ ਦੇ ਇਲਾਕੇ ਵਿੱਚ ਜਾ ਕੇ ਊਧਮ ਮਚਾ ਦਿੱਤਾ। ਅਜਿਹਾ ਵਾਪਰਨ ਸਦਕਾ ਅਕਸਰ ਬਾਦਸ਼ਾਹੀ ਆਦਮੀ, ਬਾਦਸ਼ਾਹ ਦੇ ਗੁੱਸੇ ਦੇ ਭਾਗੀ ਬਣੇ, ਬਲਕਿ ਬਾਦਸ਼ਾਹ ਨੇ ਅਤਿਅੰਤ ਗੁੱਸੇ ਨਾਲ ਫੁਰਮਾਇਆ ਕਿ "ਐਨੇ ਕੁੱਤਿਆਂ ਦੇ ਪੰਜੇ ਵਿਚੋਂ ਇੱਕ ਗਿੱਦੜ ਬਾਹਰ ਨਿਕਲ ਗਿਆ।[60]

ਸ਼ਾਹੀ ਫੌਜਾਂ ਨੂੰ ਬਹੁਤ ਨਮੋਸ਼ੀ ਹੋਈ। ਬੰਦਾ ਸਿੰਘ ਬਹਾਦੁਰ ਨੇ ਦੁਬਾਰਾ ਲੋਹਗੜ੍ਹ ਤੇ ਕਬਜਾ ਨਵੰਬਰ 1710 ਈ. ਨੂੰ ਕੀਤਾ। ਸ਼ਾਹੀ ਫੌਜਾਂ ਨੇ ਦੁਬਾਰਾ ਲੋਹਗੜ੍ਹ ਨੂੰ ਘੇਰਾ ਪਾ ਲਿਆ।

ਸਿੱਖਾਂ ਕੋਲ ਜਦੋਂ ਰਸਦ ਖਤਮ ਹੋਣ ਵਾਲੀ ਸੀ ਤਾ ਉਨ੍ਹਾਂ ਨੇ ਨਵੀਂ ਤਰਤੀਬ ਘੜੀ। ਗੁਲਾਮ ਮੁਹੀਉਦੀਨ ਆਪਣੀ ਫ਼ਾਰਸੀ ਲਿਖਤ ਵਿੱਚ ਲਿਖਦਾ ਹੈ,"ਜਦੋਂ ਬੇਦੀਨੇ ਸਿੱਖਾਂ ਕੋਲ ਕਿਲ੍ਹੇ ਵਿੱਚ ਰਸਦ ਦਾ ਨਾਮੋ-ਨਿਸ਼ਾਨ ਨਹੀਂ ਰਹਿੰਦਾ ਹੈ, ਥੋੜੀ ਜਿਹੀ ਬਾਕੀ ਬਚਦੀ ਜਾਨ ਭੀ ਨਿਕਲਣ ਵਾਲੀ ਹੋ ਜਾਂਦੀ ਹੈ ਤੇ ਸਰੀਰਕ ਸੱਤਿਆ ਖ਼ਤਮ ਹੋ ਜਾਂਦੀ ਹੈ, ਤਾਂ ਉਹ ਸਰਕਾਰੀ ਤੋਪਖਾਨੇ ਦੇ ਆਦਮੀਆਂ ਨੂੰ ਪੈਸੇ ਦਾ ਲਾਲਚ ਦਿੰਦੇ ਹਨ ਕਿ ਉਹ ਜਿੰਨਾ ਅਨਾਜ ਉਨ੍ਹਾਂ ਕੋਲ ਪਹੁੰਚਾ ਦੇਣ, ਉਸ ਦੇ ਬਰਾਬਰ ਦੇ ਤੋਲ ਦਾ ਸੋਨਾ-ਚਾਂਦੀ ਲੈ ਲੈਣ। ਕੌਮ ਬਗਸਰੀਆਂ ਤੇ ਇਸ ਤਰ੍ਹਾਂ ਦੀਆਂ ਹੋਰ ਕੌਮਾਂ ਦੇ ਬਾਅਜ਼ੇ ਇੱਜਤ ਦੇ ਦੁਸ਼ਮਣ ਤੇ ਪੈਸੇ ਦੇ ਪੁੱਤ ਵਿਅਕਤੀਆਂ ਦੇ, ਸਮੇਂ ਅਨੁਸਾਰ ਜੋ ਕੁੱਝ ਹੱਥ ਲੱਗਦਾ ਹੈ, ਚੋਰੀ-ਛੁੱਪੇ ਉਨ੍ਹਾਂ ਕੋਲ ਪਹੁੰਚ ਰਹੇ ਹਨ, ਅਤੇ ਆਪਣੇ ਲਈ ਉਸ ਦੇ ਬਰਾਬਰ ਸੋਨਾ-ਚਾਂਦੀ ਲੈ ਰਹੇ ਹਨ। ਜਦੋਂ ਇਸ ਬਾਰੇ ਨਵਾਬ ਸਾਹਿਬ ਨੂੰ ਦੱਸਿਆ ਜਾਂਦਾ ਹੈ ਤਾਂ ਉਨ੍ਹਾਂ ਦੀ ਬਹੁਤ ਡਾਂਟ-ਡਪਟ ਤੇ ਤਾੜਨਾ ਕੀਤੀ ਜਾਂਦੀ ਹੈ, ਤੇ ਧਮਕਾਇਆ ਜਾਂਦਾ ਹੈ"।[61]

ਇਕ ਵੇਰ ਖਾਨਿਮ-ਖਾਨਾ ਸਿੱਖਾਂ ਦੀ ਤਾਕਤ ਵੇਖਣ ਲਈ ਆਪਣੇ ਚੋਣਵੇਂ ਫੌਜੀਆਂ ਨਾਲ ਕਿਲ੍ਹੇ ਦੇ ਨੇੜੇ ਚਲਾ ਗਿਆ। ਸਿੱਖਾਂ ਨੇ ਉਸ ਨੂੰ ਆਪਣੇ ਵੱਲ ਆਉਂਦਿਆਂ ਵੇਖ ਗੋਲੀਆਂ ਤੇ ਤੀਰਾਂ ਨਾਲ ਉਸ ਦੇ ਆਦਮੀ ਭੁੰਨ ਦਿੱਤੇ। ਗੁੱਸੇ ਵਿੱਚ ਆ ਕੇ ਖਾਨਿਮ-ਖਾਨਾ ਨੂੰ ਬਾਦਸ਼ਾਹ ਦਾ ਹੁਕਮ ਭੁੱਲ ਗਿਆ ਤੇ ਉਸ ਆਪਣੇ ਦਸਤੇ ਨੂੰ ਕਿਲ੍ਹੇ ਪੁਰ ਟੁੱਟ ਪੈਣ ਦਾ ਹੁਕਮ ਦੇ ਦਿੱਤਾ। ਸ਼ਾਹੀ ਫੌਜਾਂ ਦੇ ਸਰਦਾਰ ਇਕ ਦੂਜੇ ਤੋਂ ਬੜੀ ਖਾਰ ਖਾਂਦੇ ਸਨ। ਖਾਨਿਮ-ਖਾਨਾ ਨੂੰ ਵੇਖਦੇ ਹੀ ਬਾਕੀ ਸਰਦਾਰਾਂ ਦੀ ਸਾਰੀ ਫੌਜ ਨੇ ਕਿਲ੍ਹੇ ਉੱਤੇ ਹੱਲਾ ਬੋਲ ਦਿੱਤਾ। ਸਿੱਖ ਕਿਲ੍ਹੇ ਦੇ ਸਾਹਮਣੇ ਵਾਲੀ ਪਹਾੜੀ ਤੋਂ ਗੋਲੀਆਂ ਵਰਸਾ ਰਹੇ ਸਨ, ਪਰ ਟਿੱਡੀ-ਦਲ ਦੇ ਹਮਲਿਆਂ ਨੇ ਉਨ੍ਹਾਂ ਨੂੰ ਮੁੜ ਕਿਲ੍ਹੇ ਵਿੱਚ ਬੰਦ ਹੋ ਬੈਠੇ। ਸਿੱਖਾਂ ਕੋਲ ਰਾਸ਼ਨ ਅਤੇ ਸਿੱਕਾ ਬਾਰੂਦ ਵੀ ਖ਼ਤਮ ਸੀ ਪਰ ਸ਼ਾਹੀ ਫੌਜਾਂ ਕਿਲ੍ਹੇ ਦੇ ਦਰਵਾਜੇ ਅੱਗੇ ਬੈਠੀ ਸੀ। ਇਨ੍ਹਾਂ ਹਾਲਾਤਾਂ ਵਿੱਚ ਵੀ ਸਿੱਖ ਚੜ੍ਹਦੀਕਲਾ ਵਿੱਚ ਸਨ ਪਰ ਸ਼ਾਹੀ ਫੌਜਾਂ ਲੜਾਈ ਦੇ ਟੱਲ

ਜਾਣ ਲਈ ਦੁਆਵਾਂ ਮੰਗ ਰਹੇ ਸਨ।" ਇੱਥੋਂ ਤੱਕ ਕਿ ਉਹ ਜੰਗਜੂ ਬਹਾਦੁਰ ਤੇ ਸੂਰਮੇ ਦਿਲਾਵਰ, ਉਸ ਗੁਰੂ (ਬੰਦਾ ਸਿੰਘ ਬਹਾਦੁਰ) ਨੂੰ ਮਾਰਨ ਤੇ ਗ੍ਰਿਫ਼ਤਾਰ ਕਰਨ ਲਈ ਬਹੁਤ ਕੋਸ਼ਿਸ਼ ਕਰਦੇ ਹਨ ਪਰ ਕਿਉਂਕਿ ਉਹ ਕਹਿਰ ਦਾ ਮਾਰਿਆ ਗੁਰੂ (ਬੰਦਾ ਸਿੰਘ) ਮੱਕਾਰ ਤੇ ਪੂਰਾ ਜਾਦੂਗਰ ਹੈ, ਇਸ ਲਈ ਉਹ ਹਰੇਕ ਫ਼ਰੇਬ ਤੇ ਉਪਾਉ ਵਰਤ ਕੇ ਜਿੱਧਰ ਭੀ ਭੱਜ ਸਕਿਆ, ਖ਼ੁਦ ਨੂੰ ਉਸ ਪਕੜ-ਧਕੜ ਦੀ ਘੁੰਮਣਘੇਰੀ 'ਚੋਂ ਸਹੀ ਸਲਾਮਤ ਲੈ ਜਾਂਦਾ ਹੈ"।[60]

ਸਿੱਖਾਂ ਨੇ ਦੁਸ਼ਮਣ ਦਾ ਮੁਕਾਬਲਾ ਕਰਨ ਲਈ ਕਿਲ੍ਹੇਬੰਦੀ ਦਾ ਪ੍ਰਬੰਧ ਚੰਗੀ ਤਰ੍ਹਾਂ ਕੀਤਾ। ਕਿਲ੍ਹੇ ਦੇ ਬੁਰਜਾਂ, ਚਾਰ ਦੀਵਾਰੀ ਤੇ ਮਮਟੀਆਂ ਨੂੰ ਪੁਖੱਤਾ ਕੀਤਾ। ਸਿੱਖਾਂ ਨੇ ਕਈ ਤੋਪਾਂ ਵੀ ਨਵੀਆਂ ਬਣਾਈਆਂ। ਫ਼ਾਰਸੀ ਲਿੱਖਤ ਵਿੱਚ ਦਰਜ ਹੈ, "ਇਸ ਲਈ ਕਾਫ਼ਿਰ ਲੱਕੜ ਦੀਆਂ ਤੋਪਾਂ ਬਣਾਉਣ ਵਿੱਚ ਲੱਗ ਰਹੇ ਹਨ। ਉਹ ਦਰੱਖਤਾਂ ਦੀਆਂ ਗੇਲੀਆਂ ਨੂੰ ਤੋਪ ਦੇ ਆਕਾਰ ਦੀਆਂ ਕੱਟ ਕੇ, ਉਨ੍ਹਾਂ ਨੂੰ ਤੋਪ ਦੇ ਮੂੰਹ ਵਾਂਗ ਖੋਖਲਾ ਕਰ ਕੇ ਤੇ ਲੋਹੇ ਦੇ ਭਾਰੀ ਗੋਲ ਕੁੰਡਿਆਂ ਨੂੰ ਇਕ ਦੂਜੇ ਦੇ ਬਰਾਬਰ ਲਾ ਕੇ ਮਜ਼ਬੂਤ ਬਣਾਉਂਦੇ ਹਨ, ਅਤੇ ਪੱਥਰ ਤੇ ਲੋਹੇ ਦੇ ਭਾਰੀ ਗੋਲੇ ਉਸ ਵਿਚੋਂ ਚਲਾਉਂਦੇ ਹਨ। ਭਾਵੇਂ ਅਜਿਹੀ ਬਣੀ ਤੋਪ ਪੂਰਾ ਕੰਮ ਨਹੀਂ ਕਰਦੀ ਹੈ ਪਰ ਸ਼ਾਇਦ ਅੱਧਾ ਕੰਮ ਜਾਂ ਕਰਦੀ ਹੈ। ਇਸੇ ਢੰਗ ਨਾਲ ਬਹੁਤ ਸਾਰੀਆਂ ਤੋਪਾਂ ਤਿਆਰ ਕਰ ਕੇ ਤੋਪਾਂ ਦੇ ਗੋਲੇ ਤੇ ਤੀਰਾਂ ਨੂੰ ਹਰੇਕ ਮਮਟੀ ਤੇ ਬੁਰਜ 'ਤੇ ਕੜਕਦੀ ਬਿਜਲੀ ਵਾਂਗ ਫੁਰਤੀ ਨਾਲ ਮਾਰ ਰਹੇ ਹਨ"।[61]

ਦੁਸ਼ਮਣ ਫੌਜਾਂ ਵਿੱਚ ਬੰਦਾ ਸਿੰਘ ਬਹਾਦੁਰ ਦਾ ਡਰ ਘਰ ਕਰ ਗਿਆ ਸੀ। ਦੋ ਮਹੀਨੇ ਤੱਕ ਕਿਲ੍ਹੇ ਦੀ ਘੇਰਾਬੰਦੀ ਬਾ-ਦਸਤੂਰ ਚਲਦੀ ਰਹੀ ਪਰ ਦੁਸ਼ਮਣ ਫੌਜਾਂ ਬੰਦਾ ਸਿੰਘ ਦੇ ਕਿਸੇ ਨਾ ਕਿਸੇ ਤਰੀਕੇ ਨਾਲ ਛੁਟਕਾਰਾ ਚਾਹੁੰਦੀਆਂ ਸਨ। ਇਸ ਬਾਰੇ ਇਬਰਤਨਾਮਾ ਦਾ ਲੇਖਕ ਲਿਖਦਾ ਹੈ, "ਮੈਂ ਵੇਖਿਆ ਕਿ ਇਹ ਜਹੰਨਮੀ (ਸਿੱਖ) ਬਹੁਤ ਲਿਆਂਦਾ ਲੁੱਟ ਖਸੁੱਟ ਕਰਦੇ ਹਨ। ਇਨ੍ਹਾ ਕਾਲੇ ਮੂੰਹ ਵਾਲਿਆਂ ਵਿੱਚੋਂ ਚਾਲੀ ਪੰਜਾਹ ਆਦਮੀ ਹਰ ਰੋਜ਼ ਦੋ ਵਾਰ ਜਾਂ ਤਿਨ ਵਾਰ ਬਾਹਰ ਨਿਕਲ ਕੇ ਡੰਗਰਾਂ ਲਈ ਬਾਹਰੋਂ ਘਾਹ ਲੈ ਜਾਂਦੇ ਸਨ। ਜਦੋਂ ਇਸਲਾਮੀ ਲਸ਼ਕਰ ਦੇ ਆਦਮੀ ਇਨ੍ਹਾਂ ਆਦਮੀਆਂ ਕੋਲ ਪੁੱਜ ਕੇ ਰੋਕਦੇ ਸਨ ਤਾਂ ਇਹ ਤੀਰਾਂ, ਬੰਦੂਕਾਂ ਤੇ ਹਥਿਆਰਾਂ ਨਾਲ ਮੁਗਲਾਂ ਨੂੰ ਮਾਰ ਕੇ ਚਲੇ ਜਾਂਦੇ ਸਨ। ਖੋਤਿਆਂ (ਸਿੱਖਾਂ) ਦੇ ਇਸ ਵੱਗ ਤੇ ਉਸ ਬਾਗੀ-ਆਦਮੀ (ਬੰਦਾ ਸਿੰਘ ਬਹਾਦੁਰ) ਦੀ ਜਾਦੂਗਰੀ ਦਾ ਇਹ (ਸ਼ਾਹੀ) ਲਸ਼ਕਰ ਦੇ ਸਰਦਾਰਾਂ ਦੇ ਦਿਲਾਂ ਵਿੱਚ ਏਨਾ ਜ਼ਿਆਦਾ ਡਰ ਬੈਠ ਗਿਆ ਸੀ ਕਿ ਉਹ ਹਮੇਸ਼ਾਂ ਦੋਵੇਂ ਹੱਥ ਜੋੜ ਕੇ ਖੁਦਾ ਤੋਂ ਦੁਆ ਮੰਗਦੇ ਸਨ, "ਕਾਸ਼ ਉਹ ਗੜ੍ਹੀ ਵਿਚੋਂ ਬਾਹਰ ਨਿਕਲ ਕੇ ਪਹਿਲਾ ਵਾਂਗ ਫਰਾਰ ਹੋ ਜਾਵੇ ਤਾਂ ਕਿ ਨੌਕਰੀ ਦੇ ਸਮੇਂ ਤੱਕ ਉਨ੍ਹਾਂ ਦਾ ਵਕਾਰ ਤੇ ਇਤਬਾਰ ਵੱਧਦਾ ਰਵੇ"।[62]

ਕਿਲ੍ਹੇ ਵਿੱਚ ਘੇਰੇ ਹੋਈ ਸਿੱਖਾਂ ਨੂੰ ਰਾਸ਼ਨ ਦੀ ਬੜੀ ਕੰਮੀ ਮਹਿਸੂਸ ਹੋਣ ਲੱਗੀ। "ਨੌਬਤ ਇਹ ਆ ਗਿਈ ਕਿ ਉਹ ਸ਼ਾਹੀ ਲਸ਼ਕਰ ਦੇ ਬਾਣੀਆਂ ਤੋਂ ਅਨਾਜ ਖਰੀਦਣ ਲਈ ਮਜਬੂਰ ਹੋ ਗਏ। ਉਹ ਕਿਲ੍ਹੇ ਦੀ ਫ਼ਸੀਲ ਤੋਂ ਉਨ੍ਹਾਂ ਬਾਣੀਆਂ ਨੂੰ ਇਸ਼ਾਰਾ ਕਰ ਕੇ ਬੁਲਵਾ ਲੈਂਦੇ ਸਨ ਅਤੇ ਦੋ ਰੁਪਏ ਜਾਂ ਤਿੰਨ ਰੁਪਏ ਸੇਰ ਦੇ ਹਿਸਾਬ ਨਾਲ ਅਨਾਜ ਖਰੀਦ ਲੈਂਦੇ ਸਨ। ਉਹ ਕਿਲ੍ਹੇ ਤੋਂ ਚਾਦਰ ਸੁੱਟ ਦਿੰਦੇ ਸਨ ਤੇ ਅਨਾਜ ਖਰੀਦ ਲੈਂਦੇ ਸਨ। ਉਹ ਕਿਲ੍ਹੇ ਤੋਂ ਚਾਦਰ ਸੁੱਟ ਦਿੰਦੇ ਸਨ ਤੇ ਅਨਾਜ ਦੀ ਗੰਢ ਬਨ੍ਹੰਵਾ ਕੇ ਰੱਸਿਆਂ ਨਾਲ ਉਪਰ

ਖਿੱਚ ਲੈਂਦੇ ਸਨ ਅਤੇ ਆਪਸ ਵਿੱਚ ਮੁੱਠੀ ਦੋ ਮੁੱਠੀ ਕਰ ਕੇ ਵੰਡ ਲੈਂਦੇ ਸਨ। ਤਕਰੀਬਨ ਤਿੰਨ-ਚਾਰ ਹਜ਼ਾਰ ਆਦਮੀ ਤਾਂ ਭੁੱਖ ਦੇ ਹਥੋਂ ਮਰ ਗਏ। ਸਵਾਰੀ ਤੇ ਭਾਰ-ਬਰਦਰਾਰੀ ਦੇ ਸਭ ਜਾਨਵਰ ਵੀ ਮਾਰ ਕੇ ਖਾ ਲਏ"।[65]

ਕਿਲ੍ਹੇ ਵਿੱਚ ਮੌਜੂਦ ਸਿੱਖਾਂ ਨੇ ਫ਼ੈਸਲਾ ਕੀਤਾ ਕਿ ਜਿਵੇਂ ਚਮਕੌਰ ਦੀ ਗੜ੍ਹੀ ਵਿਚੋਂ ਗੁਰੂ ਗੋਬਿੰਦ ਸਿੰਘ ਨਿਕਲ ਗਏ ਸਨ, ਇਵੇਂ ਹੀ ਇਥੋਂ ਬੰਦਾ ਸਿੰਘ ਬਹਾਦੁਰ ਨੂੰ ਨਿਕਲਣ ਜਾਣਾ ਚਾਹੀਦਾ ਹੈ। ਬੰਦਾ ਸਿੰਘ ਭੇਸ ਬਦਲਣਾ ਵੀ ਖੂਬ ਜਾਣਦਾ ਸੀ। ਕਈ ਵੇਰਾ ਬਦਲੇ ਭੇਸ ਵਿੱਚ, ਉਸ ਨੂੰ ਨਿਜੀ ਸੇਵਕ ਵੀ ਪਛਾਣ ਨਹੀਂ ਸਨ ਸਕਦੇ। ਸੋ ਉਹ ਆਪਣੇ ਕਈ ਬਹਾਦੁਰ ਜਰਨੈਲਾਂ ਨਾਲ ਰਾਤ ਦੇ ਹਨੇਰੇ ਵਿਚੋਂ ਨਿਕਲ ਕੇ ਪਹਾੜੀ ਸਿਰਮੌਰ ਰਿਆਸਤ ਵਿੱਚ ਅਲੋਪ ਹੋ ਗਿਆ। ਕਿਲ੍ਹੇ ਵਿੱਚ ਗੁਲਾਬ ਸਿੰਘ ਨਾਂ ਦਾ ਇੱਕ ਸਿੱਖ ਦੀ ਸ਼ਕਲ ਬੰਦਾ ਸਿੰਘ ਨਾਲ ਮਿਲਦੀ ਜੁਲਦੀ ਸੀ। ਗੁਲਾਬ ਸਿੰਘ ਅਤੇ ਹੋਰ ਸਿੰਘਾਂ ਦੀ ਬੇਨਤੀ ਪ੍ਰਵਾਨ ਕਰ ਕੇ ਬੰਦਾ ਸਿੰਘ ਨੇ ਆਪਣੇ ਕਪੜੇ ਉਸਨੂੰ ਪਵਾ ਦਿੱਤੇ। ਉਹ ਕਿਲ੍ਹੇ 'ਚ ਨਿਕਲ ਕੇ ਸਿਰਮੌਰ ਦੀਆਂ ਪਹਾੜੀਆਂ ਵੱਲ ਚਲਾ ਗਿਆ। ਇਸ ਦਾ ਜ਼ਿਕਰ ਫ਼ਾਰਸੀ ਲਿਖਤ ਵਿੱਚ ਇਸ ਤਰ੍ਹਾਂ ਆਇਆ ਹੈ। "ਇਕ ਰਾਤ ਗੋਬਿੰਦ (ਬੰਦਾ ਸਿੰਘ ਬਹਾਦੁਰ) ਵੀ ਭੱਜ ਗਿਆ। ਉਸ ਨੇ ਇਕ ਸ਼ਖਸ ਨੂੰ ਆਪਣੀ ਥਾਂ ਕਾਇਮ ਕਰ ਦਿੱਤਾ ਤੇ ਉਸ ਨੂੰ ਜੰਗ ਕਰਨ ਵਿੱਚ ਰੁਝਾਈ ਰੱਖਿਆ। ਗੁਰੂ (ਬੰਦਾ ਸਿੰਘ) ਨੇ ਉਸ ਨੂੰ ਕਿਹਾ ਕਿ " ਤੂੰ ਸੁਲਹ ਕਰਨ ਦਾ ਸੰਦੇਸ਼ ਭੇਜ ਕੇ ਕਿਲ੍ਹਾ ਉਨ੍ਹਾਂ ਦੇ ਹਵਾਲੇ ਕਰ ਦੇ ਤੇ ਕਹਿ ਕਿ ਮੈਂ ਗੋਬਿੰਦ ਸਿੰਘ (ਬੰਦਾ ਸਿੰਘ ਬਹਾਦੁਰ) ਪਨਾਹ ਚਾਹੁੰਦਾ ਹੈ ਤੇ ਕਿਲ੍ਹੇ ਖਾਲੀ ਕਰਦਾ ਹੈ। ਜਦੋਂ ਫੌਜਦਾਰ ਨੇ ਸੁਣਿਆ ਤਾਂ ਬੋਲਿਆ ਕਿ ਉਹ ਇਸਲਾਮ ਕਬੂਲ ਕਰੇ ਨਹੀਂ ਤਾਂ ਜਿਉਂਦਾ ਨਹੀਂ ਬਚੇਗਾ। ਉਸ ਨੇ ਕਬੂਲ ਨਾ ਕੀਤਾ। ਫੌਜਦਾਰ ਦੇ ਆਦਮੀ ਜੰਗ ਕਰਨ ਲੱਗ ਪਏ ਤੇ ਕਿਲ੍ਹੇ ਨੂੰ ਫਤਹਿ ਕਰ ਲਿਆ। ਉਸ ਸ਼ਖਸ ਨੂੰ ਜਿਸ ਨੂੰ ਗੁਰੂ (ਬੰਦਾ ਸਿੰਘ) ਨੇ ਬਿਠਾਇਆ ਸੀ, ਗ੍ਰਿਫਤਾਰ ਕਰ ਲਿਆ ਗਿਆ। ਇਸ ਖਿਆਲ ਨਾਲ ਕਿ ਗੋਬਿੰਦ ਸਿੰਘ (ਬੰਦਾ ਸਿੰਘ) ਹੱਥ ਲੱਗ ਗਿਆ ਹੈ, ਉਸ ਨੇ ਖੁਸ਼ੀ ਦਾ ਨਗਾਰਾ ਵਜਾ ਦਿੱਤਾ। ਜਦੋਂ ਉਸ ਨੂੰ ਫੌਜਦਾਰ ਦੇ ਸਾਹਮਣੇ ਲਿਆਂਦਾ ਗਿਆ ਤੇ ਪੁੱਛ-ਗਿੱਛ ਕੀਤੀ ਗਈ ਤਾਂ ਪਤਾ ਲੱਗਾ ਕਿ ਉਹ ਮੋਇਆ ਤਾਂ ਛੜਾ ਵਿਅਕਤੀ ਹੈ। ਫੌਜਦਾਰ ਨੇ ਪੁੱਛਿਆ, "ਤੂੰ ਇਹ ਕੰਮ ਕਿਉਂ ਕੀਤਾ"? ਉਸ ਨੇ ਦੱਸਿਆ, "ਮੈਂ ਗੁਰੂ (ਬੰਦਾ ਸਿੰਘ) ਦੀ ਜਾਨ ਬਚਾਉਣ ਲਈ ਇਹ ਕੰਮ ਕੀਤਾ ਹੈ ਤਾਂ ਕਿ ਮੈਂ ਮਾਰਿਆ ਜਾਵਾਂ ਤੇ ਮੁਰਸ਼ਿਦ ਜਿਉਂਦਾ ਰਵੇ"। ਫੌਜਦਾਰ ਨੇ ਫ਼ੌਰਨ ਉਸ ਨੂੰ ਜਹੰਨਮ ਵਿੱਚ ਭੇਜ ਦਿੱਤਾ"।[66]

ਉਪਰਲੀ ਲਿੱਖਤ ਵਿੱਚ ਲੇਖਕ ਬਾਬਾ ਬੰਦਾ ਸਿੰਘ ਬਹਾਦੁਰ ਨੂੰ ਗਲਤੀ ਨਾਲ ਗੋਬਿੰਦ ਸਿੰਘ ਲਿਖਦਾ ਹੈ, ਜੋ ਕਿ ਉਸਦੀ ਭੁੱਲ ਹੈ। ਆਮ ਲਿਖਤਾਂ ਵਿੱਚ ਬੰਦਾ ਸਿੰਘ ਲਈ 'ਗੁਰੂ' ਸ਼ਬਦ ਵਰਤਿਆ ਗਿਆ ਹੈ ਜਦਕਿ ਉਹ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਿੰਘਾਂ ਦਾ ਜੱਥੇਦਾਰ (ਚੀਫ਼ ਕਮਾਂਡਰ) ਥਾਪਿਆ ਗਿਆ ਸੀ।

ਸੰਖੇਪ ਵਿੱਚ ਇਹ ਆਖਿਆ ਜਾ ਸਕਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦੁਰ ਦੀ ਫ਼ੌਜਾਂ ਨੇ ਸ਼ਾਹੀ ਫ਼ੌਜਾਂ ਦੇ ਨੱਕ ਵਿੱਚ ਦਮ ਕਰ ਦਿੱਤਾ ਸੀ। ਕਈ ਵੇਰ੍ਹਾਂ ਲੋਹਗੜ੍ਹ ਕਿਲ੍ਹੇ ਨੂੰ ਘੇਰਾ ਪਾ ਕੇ ਵੀ ਸ਼ਾਹੀ ਫੌਜਾਂ ਕਾਮਯਾਬ ਨਾ ਹੋ ਸਕੀਆਂ। ਬੰਦਾ ਸਿੰਘ ਹਮੇਸ਼ਾਂ ਉਨ੍ਹਾਂ ਦੇ ਘੇਰੇ ਵਿੱਚ ਨਿਕਲ ਜਾਂਦਾ ਸੀ।

****

☬ ਗੁਰਦਾਸ ਨੰਗਲ ਤੋਂ ਲੈ ਕੇ ਦਿੱਲੀ ਸ਼ਹਾਦਤ-ਗਾਹ ਤੱਕ

ਲੋਹਗੜ੍ਹ ਤੋਂ ਨਿਕੱਲਣ ਬਾਅਦ ਬੰਦਾ ਸਿੰਘ ਨੇ ਸੰਘਰਸ਼ ਜਾਰੀ ਰਖੱਣ ਦੇ ਆਦੇਸ਼ ਦਿੱਤੇ। ਉਸ ਨੇ ਬਿਲਾਸਪੁਰ, ਕੁਲੂ, ਮੰਡੀ ਅਤੇ ਚੰਬਾ ਦੀਆਂ ਪਹਾੜੀ ਰਿਆਸਤਾਂ ਨੂੰ ਵੀ ਤਬਾਹ ਕਰ ਦਿੱਤਾ। ਬੰਦਾ ਸਿੰਘ ਨੂੰ ਜਦੋਂ ਵੀ ਸਮਾਂ ਮਿਲਦਾ, ਉਹ ਮੁੱਗਲ ਫੌਜਾਂ ਨੂੰ ਤਬਾਹ ਕਰਦਾ ਜੰਮੂ ਆਦਿ ਪਹਾੜਾਂ ਵੱਲ ਚਲਾ ਜਾਂਦਾ। 28 ਫਰਵਰੀ 1712 ਈ ਨੂੰ ਬਹਾਦਰ ਸ਼ਾਹ ਬਾਦਸ਼ਾਹ ਦੀ ਮੌਤ ਮਗਰੋਂ ਬੰਦਾ ਸਿੰਘ ਨੂੰ ਥੋੜੀ ਹੋਰ ਮੋਹਲਤ ਮਿੱਲੀ। ਫ਼ਰਖਸੀਅਰ ਜਦੋਂ 1713 ਈ: ਨੂੰ ਦਿੱਲੀ ਦੇ ਤਖ਼ਤ ਤੇ ਬੈਠਾ ਤਾਂ, ਉਸ ਸਿੱਖਾਂ ਖ਼ਿਲਾਫ ਜੰਗ ਜਾਰੀ ਰੱਖਣ ਦਾ ਅਹਿਦ ਕੀਤਾ। ਸ਼ਾਹੀ ਫੌਜ਼ਾਂ ਨੇ ਸਢੌਰਾ ਅਤੇ ਲੋਹਗੜ੍ਹ ਨੂੰ ਦੁਬਾਰਾ ਹਾਸਲ ਕਰ ਲਿਆ। ਬਾਬਾ ਬੰਦਾ ਸਿੰਘ ਬਹਾਦੁਰ ਜੰਮੂ, ਰਾਜੌਰੀ ਆ ਕੇ ਯੁੱਧ ਨੀਤੀ ਦੀ ਰੂਪ-ਰੇਖਾ ਘਾੜ੍ਹਦਾ ਅਤੇ ਮੁੱਗਲ ਫੌਜ਼ਾਂ ਨੂੰ ਲਿਤਾੜਦਾ ਰਹਿੰਦਾ । ਉਸ ਨੇ ਨਿੱਜੀ ਜਾਗੀਰਾਂ ਨੂੰ ਖੋਹ ਕੇ ਮੁਜਾਰਿਆਂ ਆਦਿ ਵਿੱਚ ਵੰਡ ਦਿੱਤੀਆਂ।

ਬੰਦਾ ਸਿੰਘ ਨੇ ਗੁਰਦਾਸਪੁਰ ਦੇ ਆਸ ਪਾਸ ਵੀ ਸਾਰੇ ਇਲਾਕੇ ਹਾਸਲ ਕਰ ਲਏ ਸਨ। ਉਸ (ਬੰਦਾ ਸਿੰਘ) ਨੇ ਗੁਰਦਾਸਪੁਰ ਦੀ ਗੜ੍ਹੀ ਨੂੰ ਵੀ ਆਪਣਾ ਹੈਡਕਵਾਟਰ ਬਣਾ ਲਿਆ ਸੀ। ਆਖਰ ਬੰਦਾ ਸਿੰਘ ਆਪਣੇ ਚੌਣਵੇਂ ਜਾਂ-ਨਿਸਾਰਾਂ ਅਤੇ ਸਿੰਘਾਂ ਲਈ ਇਸ ਗੜ੍ਹੀ ਵਿੱਚ ਘੇਰਿਆ ਗਿਆ। ਮਿਰਜ਼ਾ ਮੁਹੰਮਦ ਹਾਰਿਸੀ ਦੀ ਲਿੱਖਤ ਵਿੱਚ ਜ਼ਿਕਰ ਆਇਆ ਹੈ,"ਇਸੇ ਦੌਰਾਨ ਸਿੱਖਾਂ ਦੇ ਗੁਰੂ(ਬੰਦਾ ਸਿੰਘ ਬਹਾਦੁਰ) ਨੇ ਮੁੜ ਪਹਾੜ ਵਿਚੋਂ ਨਿਕਲ ਕੇ ਦੁਆਬਾ ਬਾਰੀ ਵਿੱਚ ਫ਼ਸਾਦ ਦੀ ਅੱਗ ਭੜਕਾ ਦਿੱਤੀ ਅਤੇ ਸ਼ਹਿਰਾਂ ਤੇ ਬੰਦਿਆਂ ਨੂੰ ਬਰਬਾਦ ਕਰਨ ਲੱਗਾ। ਅਬਦੁਸ ਸਮਦ ਖਾਨ ਬਹਾਦਰ ਉਸ ਦੇ ਪਹਾੜ ਵਿੱਚੋਂ ਬਾਹਰ ਨਿਕਲਣ ਦੀ ਖ਼ਬਰ ਸੁਣ ਕੇ ਬਿਜਲੀ ਤੇ ਹਨੇਰੀ ਦੀ ਤੇਜ਼ੀ ਨਾਲ ਜਿੱਥੇ ਭੀ ਸੀ, ਉਥੋ ਵਾਪਸ ਪਰਤ ਕੇ ਉਸ ਨੇ ਗੁਰੂ (ਬੰਦਾ ਸਿੰਘ ਬਹਾਦੁਰ) ਤੇ ਉਸ ਦੇ ਸਿੱਖਾਂ ਨੂੰ ਗੁਰਦਾਸਪੁਰ (ਗੁਰਦਾਸ ਨੰਗਲ) ਵਿੱਚ ਘੇਰਾ ਪਾ ਲਿਆ। ਉਸ ਨੇ ਸ਼ਹਿਰਾਂ ਤੇ ਬੰਦਿਆਂ ਦੀ ਬਰਬਾਦੀ ਨੂੰ ਤੱਕ ਕੇ ਇਨ੍ਹਾਂ ਸਿੱਖਾਂ ਨੂੰ ਖਤਮ ਕਰਨ ਦੀ ਤਨੋਂ-ਮਨੋਂ ਕੋਸ਼ਿਸ਼ ਕੀਤੀ। ਉਸ ਨੇ ਇੱਕ ਸਾਲ ਉਨ੍ਹਾਂ ਨੂੰ ਘੇਰਾ ਪਾਈ ਰੱਖਿਆ।"[67] (7 ਅਪ੍ਰੈਲ 1715 ਈ: ਤੋਂ ਲੈ ਕੇ 7 ਦਸੰਬਰ 1715 ਈ: ਤੱਕ)।

ਫ਼ਾਰਸੀ ਦੀਆਂ ਹੋਰ ਲਿਖਤਾਂ ਵਿੱਚ ਉਸ ਨੂੰ ਗੁਰਦਾਸ ਨੰਗਲ ਵਿੱਚੋਂ ਗ੍ਰਿਫਤਾਰ ਕਰਨ ਦੀਆਂ ਪਰਤਾਂ ਖੋਲੀਆਂ ਗਈਆਂ ਹਨ। ਸ਼ਿਵ ਦਾਸ ਲਖਨਵੀ ਲਿਖਦਾ ਹੈ,"ਸੂਬਾ ਲਾਹੌਰ ਦਾ ਨਾਜ਼ਿਮ ਸਮਦ ਖ਼ਾਨ ਤੇ ਉਸ ਦਾ ਪੁੱਤਰ ਜ਼ਕਰੀਆ ਖ਼ਾਨ ਕਹਿਰ ਦੇ ਮਾਰੇ ਗੁਰੂ (ਬੰਦਾ ਸਿੰਘ ਬਹਾਦੁਰ) ਨੂੰ , ਜਿਹੜਾ ਲਾਹੌਰ ਦੀ ਰਾਜਧਾਨੀ ਦੇ ਆਸਪਾਸ ਦੇ ਇਲਾਕੇ ਦੇ ਫਸਾਦ ਪਾ ਕੇ ਹਿੰਦੂ ਤੇ ਮੁਸਲਮਾਨ ਦੋਹਾਂ ਫ਼ਿਰਕਿਆਂ ਨੂੰ ਭਾਂਤ-ਭਾਂਤ ਦੀਆਂ ਤਕਲੀਫ਼ਾ ਦੇਣ ਚ ਭਾਗੀ ਬਣਿਆ ਸੀ, ਬਹੁਤ ਲੜਾਈ ਕਰਨ ਮਗਰੋਂ ਉਸ ਦੀ ਪਤਨੀ ਬੇਟੇ ਤੇ ਉਸ ਦੇ 1300 ਹੋਰ ਸਾਥੀਆਂ ਸਮੇਤ ਗ੍ਰਿਫ਼ਤਾਰ ਕਰ ਲੈ ਆਏ।"[68]

"ਉਸ ਹੀਜੜੇ(ਬੰਦਾ ਸਿੰਘ ਬਹਾਦੁਰ) ਦੇ ਆਦਮੀ ਥੋੜ੍ਹੇ ਸਮੇਂ ਵਿੱਚ ਕੱਚੀ ਗੜ੍ਹੀ ਤੇ ਖੰਦਕ ਨੂੰ ਤਸੱਲੀ ਬਖਸ਼ ਢੰਗ ਨਾਲ ਤਿਆਰ ਨਾ ਕਰ ਸਕੇ, ਇਸ ਲਈ ਗੁਰੂ (ਬੰਦਾ ਸਿੰਘ ਬਹਾਦੁਰ) ਖ਼ੁਦ ਦਸ ਹਜ਼ਾਰ ਆਦਮੀਆਂ ਸਮੇਤ ਭੱਜ ਕੇ ਤੇ ਗੁਰਦਾਸਪੁਰ(ਗੁਰਦਾਸ ਨੰਗਲ) ਦੇ ਦਿਹਾਤੇ(ਵਲਗਣ), ਜਿਹੜਾ ਭਾਈ ਦੁਨੀਚੰਦ ਦਰਵੇਸ਼ ਦੀਆਂ ਇਮਾਰਤਾਂ ਵਿਚੋਂ ਇਕ ਮਨਮੋਹਣੀ ਆਬਾਦੀ ਹੈ, ਜਾ ਕੇ ਬੈਠ ਗਿਆ। ਉਸ ਨੇ ਲੜਾਈ ਦਾ ਸਾਜ਼ੋਂ ਸਾਮਾਨ ਤੇ ਹਥਿਆਰ ਜਮ੍ਹਾਂ ਕਰ ਲਏ ਅਤੇ ਨੇੜੇ-ਤੇੜੇ ਦੇ ਆਦਮੀਆਂ ਦੇ ਅਨਾਜ਼ਾਂ ਦੇ ਭੰਡਾਰਾਂ ਚੋਂ

ਬਹੁਤ ਸਾਰੀ ਰਸਤ ਇੱਕਠੀ ਕਰ ਲਈ। ਉਸ ਨੇ ਸ਼ਾਹ ਨਹਿਰ ਤੇ ਪਹਾੜ ਦੇ ਹੇਠਲੇ ਮੈਦਾਨ ਦੇ ਨਦੀ ਨਾਲਿਆਂ ਨੂੰ ਕੱਟ ਕੇ ਉਨ੍ਹਾਂ ਦਾ ਪਾਣੀ ਗੜ੍ਹੀ ਦੇ ਆਲੇ-ਦੁਆਲੇ ਵਹਾ ਕੇ ਚਾਲ੍ਹਾ(ਚਿਕੱੜ) ਬਣਾ ਦਿੱਤਾ ਤਾਂ ਕਿ ਆਦਮੀ ਤੇ ਘੋੜੇ ਤਰੱਦਦ ਕਰਕੇ ਗੜ੍ਹੀ ਦੇ ਪੈਰਾਂ ਤੱਕ ਨਾ ਪੁੱਜ ਸਕਣ।"[69]

ਖ਼ਾਫ਼ੀ ਖਾਨ ਆਪਣੀ ਲਿਖਤ ਵਿੱਚ ਗੁਰਦਾਸ ਨੰਗਲ ਦੇ ਘੇਰੇ ਬਾਰੇ ਤਫਸੀਲ ਦੇਦਾਂ ਸਿੱਖਾਂ ਦੇ ਹੌਸਲੇ ਅਤੇ ਜੰਗੀ ਪੈਤੜੇਂਬਾਜ਼ੀ ਦਾ ਪੈਰਾਡਾਇਮ ਇੰਝ ਖਿੱਚਦਾ ਹੈ, "ਜਦੋਂ ਉਹ (ਅਬਦੁਸ ਸਮਦ ਖਾਨ) ਸ਼ਾਹੀ ਫੌਜ਼ ਨਾਲ ਉਸ ਮਰਦੂਦ(ਬੰਦਾ ਸਿੰਘ ਬਹਾਦੁਰ) ਦੀ ਗੜ੍ਹੀ ਦੇ ਨਜ਼ਦੀਕ ਪਹੁੰਚਿਆ ਤਾਂ ਗੁਰੂ (ਬੰਦਾ ਸਿੰਘ) ਦੀ ਫੌਜ਼ ਟਿੱਡੀ ਦਲ ਵਾਂਗ ਕਿਲ੍ਹੇ ਵਿਚੋਂ ਬਾਹਰ ਆ ਕੇ ਸ਼ਾਹੀ ਫੌਜ਼ ਉੱਤੇ ਟੁੱਟ ਪਈ।ਉਨ੍ਹਾਂ ਨੇ ਸਖ਼ਤ ਹਮਲੇ ਕਰ ਕੇ ਸ਼ਾਹੀ ਲਸ਼ਕਰ ਵਿੱਚ ਬੜੀ ਅਫ਼ਰਾ ਤਫ਼ਰੀ ਪੈਦਾ ਕਰ ਦਿੱਤੀ।ਉਹ ਬੜੀ ਬਹਾਦੁਰੀ ਨਾਲ ਲਗਾਤਾਰ ਹਮਲੇ ਕਰ ਰਹੇ ਸਨ। ਦੋਨੋਂ ਤਰਫਾਂ ਤੋਂ ਬੜੀ ਵੱਡੀ ਤਾਦਾਦ ਵਿੱਚ ਆਦਮੀ ਮਾਰੇ ਤੇ ਸ਼ਹੀਦ ਹੋ ਗਏ। ਘੇਰੇ ਦੇ ਦੌਰਾਨ ਉਹ ਕਿਲ੍ਹੇ ਵਿੱਚੋਂ ਬਾਰ-ਬਾਰ ਬਾਹਰ ਨਿਕਲ ਕੇ ਸ਼ਾਹੀ ਫੌਜ਼ ਉੱਤੇ ਛਾਪੇ ਮਾਰਦੇ ਸਨ।ਦਲੇਰ ਜੰਗ ਨੇ ਮਜ਼ਬੂਰ ਹੋ ਕੇ ਉਨ੍ਹਾਂ ਬਦਬਖ਼ਤਾਂ ਦੇ ਕੱਚੇ ਕਿਲ੍ਹੇ ਦੇ ਬਾਹਰ, ਸ਼ਾਹੀ ਲਸ਼ਕਰ ਦੇ ਚਾਰੋ਼ ਤਰਫ਼ ਇਕ ਖੰਦਕ ਖ਼ੁਦਵਾ ਦਿੱਤੀ ਅਤੇ ਮੋਰਚਾਬੰਦੀ ਕਰ ਕ ਅੱਗੇ ਵਧਣਾ ਸ਼ੁਰੂ ਕੀਤਾ। ਕਿਲ੍ਹੇ ਦਾ ਘੇਰਾ ਬੜੇ ਲੰਮੇ ਸਮੇਂ ਲਈ ਚੱਲਿਆ।ਉਹ ਫ਼ਸਾਦੀ (ਸਿੱਖ) ਗੜ੍ਹੀ ਤੋਂ ਬਾਹਰ ਨਿਕਲ ਕੇ ਮੁਸਲਮਾਨਾਂ ਦੇ ਮੋਰਚਿਆਂ ਉਪਰ ਬੜੇ ਦਲੇਰਾਨਾ ਹਮਲੇ ਕਰਦੇ ਰਹਿੰਦੇ ਸਨ।"[70]

ਜਦੋਂ ਕਿਲ੍ਹੇ ਵਿੱਚ ਅੰਨ-ਦਾਣਾ ਪੂਰੀ ਤਰ੍ਹਾਂ ਖ਼ਤਮ ਹੋਇਆ ਤਾਂ ਸਿੱਖਾਂ ਨੇ ਜਾਨਵਰ ਝੱਟਕਾ ਕਰ ਕੇ ਖਾਣੇ ਸ਼ੁਰੂ ਕਰ ਦਿੱਤੇ।ਇਸ ਦੀ ਗਵਾਈ ਯਹੀਯਾ ਖ਼ਾਨ ਮੀਰ ਮੁਨਸ਼ੀ ਦੀ ਫਾਰਸੀ ਲਿੱਖਤ ਕਰਦੀ ਹੈ।"ਅਬਦੁਸ ਸਮਦ ਖਾਨ ਨੇ ਅਨਾਜ ਦਾ ਇੱਕ ਦਾਣਾ ਕਿਲ੍ਹੇ ਦੇ ਅੰਦਰ ਨਾ ਜਾਣ ਦਿੱਤਾ। ਕਿਉਂਕਿ ਕਿਲ੍ਹੇ ਨੂੰ ਘੇਰਾ ਪਾਇਆ ਲੰਮਾ ਅਰਸਾ ਹੋ ਗਿਆ ਸੀ, ਅਨਾਜ ਉਪਲਬਧ ਨਾ ਹੋਇਆ ਅਤੇ ਖਾਣ ਦੀਆਂ ਚੀਜ਼ਾਂ ਬਿਲਕੁਲ ਬਾਕੀ ਨਾ ਬਚੀਆਂ ,ਇਸ ਲਈ ਘਿਰੇ ਹੋਏ ਆਦਮੀਆਂ (ਸਿੱਖਾਂ) ਨੇ,ਜਿਹੜੇ ਭਾਰੀ ਗਿਣਤੀ ਵਿੱਚ ਸਨ, ਮਜਬੂਰ ਹੋ ਕੇ ਬਲਦ, ਘੋੜੇ ਤੇ ਖੋਤੇ ਖਾਧੇ, ਹਾਲਾਂ ਕਿ ਇਨ੍ਹਾਂ ਪਸ਼ੂਆਂ ਦਾ ਮਾਸ ਖਾਣਾ ਉਨ੍ਹਾਂ ਦੇ ਧਰਮ ਵਿੱਚ ਵਿਵਰਜਿਤ ਸੀ।ਪਰੰਤੂ ਹਠ-ਧਰਮੀ ਸਦਕਾ, ਜਿਹੜੀ ਉਨ੍ਹਾਂ ਦੇ ਦਿਲ ਵਿੱਚ ਸੀ, ਅਧੀਨਗੀ ਕਰਨ ਲਈ ਰਾਜ਼ੀ ਨਹੀਂ ਹੋ ਰਹੇ ਸਨ।ਜਦੋਂ ਕਮਜ਼ੋਰੀ ਹਦੋਂ ਵੱਧ ਗਈ ਤਾਂ ਉਸ ਫਿਰਕੇ ਫ਼ਿਰਕੇ ਵਿਚੋਂ ਬਹੁਤ ਵਿਅਕਤੀ ਭੁੱਖ ਤੇ ਦਸਤਾਂ ਦੀ ਬਿਮਾਰੀ ਨਾਲ ਮਰ ਗਏ। ਬਾਕੀਆਂ ਨੇ ਅਮਨ-ਅਮਾਨ ਚਾਹੁੰਦੇ ਹੋਏ ਸ਼ਾਹੀ ਲਸ਼ਕਰ ਵਿੱਚ ਆਉਣ ਲਈ ਬੇਨਤੀ ਕੀਤੀ।"[71]

ਇਸੇ ਤਰ੍ਹਾਂ ਬੁੱਧ ਸਿੰਘ ਅਰੋੜਾ ਵੀ ਲਿਖਦਾ ਹੈ,"ਬਾਦਸ਼ਾਹੀ ਫੌਜ਼ ਨੇ ਉਸ (ਬੰਦਾ ਸਿੰਘ) ਦਾ ਪਿੱਛਾ ਕਰਦਿਆਂ ਹੋਇਆ ਗੁਰਦਾਸਪੁਰ(ਗੁਰਦਾਸ ਨੰਗਲ) ਪੁੱਜ ਕੇ (ਕਿਲ੍ਹੇ ਨੂੰ) ਘੇਰਾ ਪਾ ਲਿਆ। ਜਦੋਂ ਕੁੱਝ ਸਮਾਂ ਉਸ ਘੇਰੇ ਵਿੱਚ ਬੀਤਿਆ ਤਾਂ ਕਿਲ੍ਹੇ ਦੇ ਅੰਦਰ ਖਾਣ-ਪੀਣ ਦਾ ਸਾਰਾ ਭੰਡਾਰ ਮੁੱਕ ਗਿਆ ਤੇ ਕੁੱਝ ਵੀ ਬਾਕੀ ਨਾ ਰਿਹਾ ਤਾਂ ਘਿਰੇ ਹੋਏ ਲੋਕਾਂ ਦਾ ਜੀਉਣਾ ਔਖਾ ਹੋ ਗਿਆ। ਉਹ ਕਮਜ਼ੋਰੀ ਕਾਰਨ ਮਰਨ ਕਿਨਾਰੇ ਪੁੱਜ ਗਏ।ਉਹ ਕਿਲ੍ਹੇ ਦੇ ਅੰਦਰ ਮੌਜੂਦ ਜਾਨਵਰਾਂ ਜਿਵੇਂ ਘੋੜੇ, ਊਠਾਂ ਤੇ ਕੁੱਤਿਆਂ ਨੂੰ ਖਾ ਕੇ ਜੀਉਂਣ ਲੱਗੇ।"[72]

ਮੁਹੰਮਦ ਅਲੀ ਖਾਨ ਅਨਸਾਰੀ ਗੁਰਦਾਸ ਨੰਗਲ ਦੇ ਘੇਰੇ ਬਾਰੇ ਆਪਣੀ

ਲਿੱਖਤ ਵਿੱਚ ਦਰਜ ਕਰਦਾ ਹੈ,"ਅਬਦੁਸ ਸਮਦ ਖ਼ਾਨ ਦੇ ਉਸ ਗੁੰਮਰਾਹ ਗਰੋਹ(ਸਿੱਖ), ਜਿਹੜੇ ਟਿੱਡੀ ਦਲ ਵਾਂਗ ਬੰਦਾ (ਸਿੰਘ ਬਹਾਦੁਰ) ਦੇ ਕੋਲ ਇੱਕਠਾ ਹੋਇਆ ਸੀ, ਦੇ ਟਿਕਾਣੇ ਗੜ੍ਹ ਦੇ ਕੋਲ ਪੁੱਜਣ ਮਗਰੋ ਬੰਦੇ (ਬੰਦਾ ਸਿੰਘ) ਦੇ ਗਰੋਹ ਨੇ ਸ਼ਾਹੀ ਫ਼ੌਜਾ ਨਾਲ ਮੁਕਾਬਲਾ ਕਰਨ ਲਈ ਸ਼ੋਰ-ਸ਼ਰਾਬਾ ਪਾ ਦਿੱਤਾ। ਇਸਲਾਮੀ ਲਸ਼ਕਰ ਹਾਰ ਖਾਣ ਵਾਲਾ ਹੀ ਸੀ ਤੇ ਕੁਫਰ ਫਿਤਨੇ ਦੇ ਗਰੇਬਾਨ ਵਿਚੋਂ ਸਿਰ ਕੱਢਣ ਵਾਲਾ ਹੀ ਸੀ, ਪ੍ਰੰਤੂ ਬਾਦਸ਼ਾਹੀ ਲਸ਼ਕਰ ਨੇ ਕਮਾਲ ਦੇ ਉਪਾਓ ਨਾਲ ਖੁਦ ਨੂੰ ਉਸ ਗਰੋਹ ਦੇ ਧੱਕੇ ਤੋਂ ਬਚਾ ਲਿਆ ਤੇ ਕੇਵਲ ਗ਼ੈਬੀ ਮਦਦ ਸਦਕਾ ਉਸ ਕੌਮ ਤੇ ਫਤਹਿਮੰਦ ਝੰਡੇ ਝੁਲਾ ਦਿੱਤੇ।"[73]

ਹੁਣ ਅਸੀਂ ਉਨ੍ਹਾਂ ਮੁੱਢਲੇ ਫਾਰਸੀ ਸਰੋਤਾਂ ਦੇ ਰੂਬਰੂ ਹੋਵਾਂਗੇ,ਜਿਨ੍ਹਾਂ ਨੇ ਬਾਬਾ ਬੰਦਾ ਸਿੰਘ ਬਹਾਦੁਰ ਦੀ ਸ਼ਹਾਦਤ ਦੇ ਪੈਰਾਡਾਇਮ ਅੱਖੀਂ ਵੇਖ ਕੇ ਆਪਣੀਆਂ ਲਿਖਤਾਂ ਵਿੱਚ ਅੰਕਿਤ ਕੀਤੇ ਹਨ।

1.ਅਖਬਾਰਾਤ-ਇ-ਦਰਬਾਰ-ਇ-ਮੁਅੱਲਾ: ਇਹ ਲਿਖਤਾਂ ਜੈਪੁਰ ਰਾਜ ਦੀਆਂ ਪੁਰਾਤਨ ਤਵਾਰੀਖੀ ਲਿਖਤਾ(old historical records) ਰਾਜਸਥਾਨ ਦੇ ਆਰਕਾਈਵਜ਼ ਮਹਿਕਮੇ(ਬੀਕਾਨੇਰ) ਵਿੱਚ ਮੌਜੂਦ ਹਨ। ਇਹ ਸੰਬੰਧਿਤ ਲਿਖਤਾਂ ਪ੍ਰੋ. ਗੰਡਾ ਸਿੰਘ ਦਸੰਬਰ 1944 ਈ: ਸਮੇਂ ਮਲਕ ਤੇਜਾ ਸਿੰਘ ਇੰਜੀਨੀਅਰ ਦੀ ਮਦਦ ਨਾਲ ਨਕਲ ਕਰਕੇ ਲਿਆਏ ਸਨ। ਬਾਅਦ ਵਿੱਚ ਡਾ. ਭਗਤ ਸਿੰਘ ਨੇ ਅੰਗਰੇਜ਼ੀ ਅਨੁਵਾਦ ਕਰਕੇ ਛਾਪਿਆ ਹੈ। ਪੰਜਾਬ ਅਤੇ ਸਿੱਖਾਂ ਨਾਲ ਸੰਬੰਧਤ ਲਿਖਤਾਂ ਹੀ ਪ੍ਰੋ.ਗੰਡਾ ਸਿੰਘ ਨੇ ਨਕਲ ਕੀਤੀਆਂ ਸਨ। ਇਸ ਦੀਆਂ ਨਕਲਾਂ ਅੱਜਕੱਲ੍ਹ ਖਾਲਸਾ ਕਾਲਜ, ਅੰਮ੍ਰਿਤਸਰ, ਪੰਜਾਬੀ ਯੂਨੀਵਰਸਿਟੀ ਲਾਇਬਰੇਰੀ ਪਟਿਆਲਾ, ਰਾਜਸਥਾਨ ਸਟੇਟ ਪੁਰਾਲੇਖ ਵਿਭਾਗ, ਬੀਕਾਨੇਰ ਆਦਿ ਵਿੱਚ ਮੌਜੂਦ ਹਨ।

ਇਨ੍ਹਾਂ ਲਿਖਤਾਂ ਵਿੱਚ ਜਿੱਥੇ ਬਾਬਾ ਬੰਦਾ ਸਿੰਘ ਬਹਾਦੁਰ ਦੀ ਸ਼ਹੀਦੀ ਦੀ ਦਾਸਤਾਨ ਅੰਕਿਤ ਹੈ, ਉੱਥੇ ਬਾਦਸ਼ਾਹ ਫ਼ਰੁਖ਼ਸੀਅਰ ਦੇ ਹੁਕਮ ਦਾ ਵੇਰਵਾ ਵੀ ਦਰਜ ਹੈ। ਬਾਬਾ ਬੰਦਾ ਸਿੰਘ ਦੀ ਸ਼ਹਾਦਤ ਦੇ ਦੂਜੇ ਦਿਨ ਦੀ ਤਾਰੀਖ 11 ਜੂਨ 1716 ਈ: ਦਰਜ ਹੈ। ਇਹ 29 ਜਮਾਦੀ-ਉ-ਸਾਨੀ ਪੰਜ ਫਰੁਖਸੀਅਰੀ ਜਲੂਸੀ(9 ਜੂਨ, 1716 ਈ:) ਦੇ ਰਿਕਾਰਡ ਵਿੱਚ ਮੌਜੂਦ ਹਨ। ਬਾਦਸ਼ਾਹ ਫਰੁਖਸੀਅਰ ਨੇ ਜੋ ਬਾਬਾ ਜੀ ਪ੍ਰਤੀ ਹੁਕਮ ਦਿੱਤਾ ਸੀ, ਉਹ ਅਖਬਾਰਾਤ-ਇ-ਦਰਬਾਰ-ਇ-ਮੁਅੱਲਾ ਦੇ ਰਿਕਾਰਡ 'ਚ ਇਸ ਤਰ੍ਹਾਂ ਅੰਕਿਤ ਹੈ:

۲۹، جمادی الثانی سنه ۵ فرخ سیر
حکم والا صادر شد که ابراهیم الدین خان میر آتش و سربراه خان کوتوال گرو بدگوهر
در قلعه مبارک بالای ترپولیه مقید است آن را به محله خواجه قطب الدین متصل مقبره حضرت
خلد منزل برده زبان و چشمان او برآرند پوست از گوشت برآرند استخوان
جدا نمایند و پسرش را قتل نمایند-

"29 ਜਮਾਦੀ-ਉ-ਜਾਨੀ ਸਨ 5 ਫਰੁ ਖਸੀਅਰ (9 ਜੂਨ 1716 ਈ:)(ਹਜ਼ੂਰ) ਬਾਦਸ਼ਾਹ ਦਾ ਹੁਕਮ ਹੋਇਆ ਕਿ ਇਬਰਾਹੀਮ-ਦੀਨ ਖਾਨ ਮੀਰ-ਇ-ਆਤਿਸ਼ ਅਤੇ ਸਰਬਰਾਹ ਖਾਨ ਕੋਤਵਾਲ ਬਦਬਖਤ ਗੁਰੂ (ਬੰਦਾ ਸਿੰਘ) ਨੂੰ ਜੋ ਕਿ ਕਿਲ੍ਹਾ ਮੁਬਾਰਕ (ਬਾਦਸ਼ਾਹੀ ਕਿਲ੍ਹੇ) ਵਿੱਚ ਤ੍ਰਿਪੋਲੀਏ ਦੇ ਉੱਪਰ ਕੈਦ ਹੈ, ਖੁਆਜਾ ਕੁਤਬੁਦੀਨ ਦੀ ਦਰਗਾਹ ਦੇ ਹਜ਼ਰਤ ਖੁਲਦਿ ਮੰਜ਼ਲ(ਬਾਦਸ਼ਾਹ ਬਹਾਦੁਰ ਸ਼ਾਹ) ਦੇ ਮਕਬਰੇ ਦੇ ਲਾਗੇ ਲਿਜਾ ਕੇ ਉਸ ਦੀ ਜੀਭ ਅਤੇ ਅੱਖਾਂ ਕੱਢ ਦੇਣ ਅਤੇ ਉਸ ਦੀ ਖੱਲ ਨਾਲੋਂ ਉਸ ਦਾ ਮਾਸ ਤੋੜ ਦੇਣ ਅਤੇ ਹੱਡੀਆਂ ਵੱਖ ਕਰ ਦੇਣ ਅਤੇ ਉਸ ਦੇ ਪੁੱਤਰ ਨੂੰ ਕਤਲ ਕਰ ਦੇਣ।"

9 ਜੂਨ 1716 ਈ: ਨੂੰ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਹੋ ਜਾਂਦੀ ਹੈ ਤਾਂ ਉਸ ਦੇ ਦੂਜੇ ਦਿਨ ਅਖਬਾਰਾਤ-ਇ-ਦਰਬਾਰ-ਇ-ਮੁਅੱਲਾ ਵਿਚ 10 ਜੂਨ 1716 ਈ. ਵਿੱਚ ਮੂਲ ਲਿਖਤ ਫ਼ਾਰਸੀ ਵਿੱਚ ਇਸ ਤਰ੍ਹਾਂ ਦਰਜ ਹੈ:

غره رجب سنه ۵ فرخسیری
بعرض رسید که ابراهیم الدین خان میر آتش و سربراه خان کوتوال گرو مقهور را با پسر و نفر همراهیانش را بموجب حکم والا بسمت درگاه حضرت خواجه قطب آب سبیل خوجه فتو برده اول پسرش را بقتل رسانیده پیش مقهور داده - بعد آن مقهور را با عذاب های بسیار بقتل رسانیده بند از بند جدا کرده - همراهیانش را نیز بقتل رسانیدند -

"ਗੁਗ(ਚੰਦ ਦੀ ਪਹਿਲੀ) ਰਜਬ ਸਨ 5 ਫਰੁਖਸੀਅਰੀ(10 ਜੂਨ, 1716 ਈ:) (ਬਾਦਸ਼ਾਹ ਦੀ ਸੇਵਾ ਵਿੱਚ) ਬੇਨਤੀ ਹੋਈ ਕਿ ਇਬਰਾਹੀਮ-ਦੀਨ ਖਾਨ ਮੀਰ-ਇ-ਆਤਿਸ਼ ਅਤੇ ਸਰਬਰਾਹ ਖਾਨ ਕੋਤਵਾਲ ਨੇ ਬਦਬਖ਼ਤ ਗੁਰੂ (ਬੰਦਾ ਸਿੰਘ) ਨੂੰ, ਸਣੇ ਪੁੱਤਰ ਅਤੇ ਅਠਾਰਾਂ ਉਸ ਦੇ ਸਾਥੀਆਂ ਨੂੰ ਹਜ਼ਰਤ ਬਾਦਸ਼ਾਹ ਦੇ ਹੁਕਮ ਅਨੁਸਾਰ ਖੁਆਜਾ ਕੁਤਬ ਦੀ ਦਰਗਾਹ ਵੱਲ ਖੋਜਾ ਫ਼ੱਤੂ ਦੀ ਪਾਣੀ ਦੀ ਸ਼ਬੀਲ ਦੇ ਲਾਗੇ ਲਿਜਾ ਕੇ ਪਹਿਲਾਂ ਉਸ ਦੇ ਪੁੱਤਰ ਨੂੰ ਕਤਲ ਕਰਕੇ ਉਸ ਦੇ ਬਦਬਖ਼ਤ ਦੇ ਸਾਹਮਣੇ ਰੱਖ ਦਿੱਤਾ। ਉਸ ਤੋਂ ਬਾਅਦ ਉਸ ਬਦਬਖ਼ਤ ਨੂੰ ਅਨੰਤ ਤਸੀਹੇ ਦੇ ਕੇ ਕਤਲ ਕਰਕੇ ਉਸ ਦੇ ਅੰਗ ਅੰਗ ਜੁਦਾ ਕਰ ਦਿੱਤੇ ਅਤੇ ਉਸ ਦੇ ਸਾਥੀਆਂ ਨੂੰ ਭੀ ਕਤਲ ਕਰ ਦਿੱਤਾ।"

ਉਪਰ ਵਰਨਣ ਕੀਤੇ ਸਾਰੇ ਹਾਲਾਤ ਅੱਖੀ ਵੇਖਕੇ ਸਰਕਾਰੀ ਨਾਮਾ-ਨਿਗਾਰ ਨੇ ਰਿਕਾਰਡ ਕੀਤੇ ਸਨ।

ਇਬਰਤਨਾਮਾ: ਇਸ ਨੂੰ 'ਸਵਾਨਿਹ ਮਿਰਜ਼ਾ ਮੁਹੰਮਦ ਹਾਰਸ਼ੀ' ਕਰਕੇ ਵੀ ਲਿਖਿਆ ਜਾਂਦਾ ਹੈ। ਇਸ ਦਾ ਲੇਖਕ ਮਿਰਜ਼ਾ ਮੁਹੰਮਦ ਹਾਰਸ਼ੀ ਬਿਨ ਮੁਤਾਮਿਦ ਖ਼ਾਨ ਬਿਨ ਦਿਆਨਤ ਖ਼ਾਨ ਹੈ। ਇਹ ਲਿਖਤ ਮਿਰਜ਼ਾ ਹਾਰਸ਼ੀ ਨੇ 8 ਦਸੰਬਰ 1918 ਈ: ਨੂੰ ਮੁਕੰਮਲ ਕੀਤੀ। ਇਸ ਹੱਥ-ਲਿਖਤ ਦੀਆਂ ਨਕਲਾਂ ਖੁਦਾਬਖਸ਼ ਲਾਇਬ੍ਰੇਰੀ ਬਾਂਕੀਪੁਰ (ਪਟਨਾ), ਏਸ਼ੀਆ ਸੁਸਾਇਟੀ ਕਲੱਕਤਾ ਆਦਿ ਵਿਚ ਮੌਜੂਦ ਹਨ। ਇਸ ਵਿਚ ਬੰਦਾ ਸਿੰਘ ਬਹਾਦੁਰ ਅਤੇ ਸਿੰਘਾਂ ਦੇ ਅੱਖੀਂ ਵੇਖ ਕੇ ਹਾਲਤ ਕਲਮਬੰਦ ਕੀਤੇ ਹਨ। ਇਸ ਵਿੱਚ ਤਾਰੀਖ਼, ਮਹੀਨਾ, ਸਾਲ ਅਤੇ ਦਿਨ ਤੱਕ ਲਿਖੇ ਹਨ। ਫ਼ਾਰਸੀ ਦੇ ਮੂਲ ਸ਼ਬਦ ਇੰਝ ਹਨ।

عبرت نامه سوانح محمد قاسم حارثی
روز یک شنبه سلخ جمادی الآخره سنه مذکور بموجب حکم والا گورو مقهور را که حقیقت دستگیر شدن او و رفتن [illegible] منفصل مذکور شد از میان شهر [illegible] گذرانیده بمزار حضرت خواجه قطب الدین بختیار کاکی قدس الله سره العزیز [illegible] بردند [illegible] شاه عالم بهادر شاه مرحوم گردانیده اطلبیر [illegible] را در پیش چشمش بقتل رسانیده آنگاه [illegible] آمو [illegible] را [illegible] دیگر از جمله [illegible] تعالی [illegible] در قیدی [illegible] حیات [illegible] جنس [illegible] از لوح هستی سترده [illegible]

"ਇਕ ਸ਼ੰਬੇ (ਐਤਵਾਰ) ਵਾਲੇ ਦਿਨ ਚੰਦ ਦੀ ਆਖ਼ਰੀ ਤਾਰੀਖ 29 ਜਮਾਦੀ-ਉਲ-ਆਖਰ ਸਨ (1128) ਹਿਜਰੀ, ਜਿਸ ਦਾ ਜ਼ਿਕਰ ਕੀਤਾ ਜਾ ਚੁੱਕਾ ਹੈ।

ਸ਼ਾਹੀ ਹੁਕਮ ਅਨੁਸਾਰ ਹਾਰੇ ਹੋਏ ਬਦਬਖ਼ਤ ਗੁਰੂ (ਬੰਦਾ ਸਿੰਘ) ਨੂੰ, ਕਿ ਜਿਸ ਦੇ ਫੜੇ ਜਾਣ ਅਤੇ ਲਿਆਉਣ ਦਾ ਵੇਰਵੇ ਸਹਿਤ ਜ਼ਿਕਰ ਪਿਛੇ ਕੀਤਾ ਜਾ ਚੁੱਕਾ ਹੈ। ਪੁਰਾਣੇ ਸ਼ਹਿਰ ਵਿਚੋਂ ਲੰਘ ਕੇ ਅੱਲਾ ਨੂੰ ਪਿਆਰੇ ਹੋ ਚੁੱਕੇ ਸੁਰਗਵਾਸੀ ਹਜ਼ਰਤ ਖੁਆਜਾ ਕੁਤਬੁਦੀਨ ਬਖ਼ਤਿਆਰ ਕਾਕੀ ਦੇ ਮਜ਼ਾਰ ਤੇ ਲੈ ਗਏ ਅਤੇ ਸੁਰਗਵਾਸੀ ਸ਼ਾਹ ਆਲਮ ਬਹਾਦਰ ਸ਼ਾਹ ਦੀ ਕਬਰ ਦੇ ਇਰਦ-ਗਿਰਦ ਚੱਕਰ ਲੁਆ ਕੇ ਪਹਿਲਾਂ ਉਸ ਦੇ ਛੋਟੇ ਜਿਹੇ ਪੁੱਤਰ ਨੂੰ ਉਸ ਦੀਆਂ ਅੱਖਾਂ ਦੇ ਸਾਹਮਣੇ ਕਤਲ ਕੀਤਾ, ਫੇਰ ਉਸ ਵੇਲੇ ਉਸ ਲਾਹਨਤਾਂ ਭਰੇ ਕਾਫ਼ਰ (ਬੰਦਾ ਸਿੰਘ) ਦੇ ਸਰੀਰ ਨੂੰ ਦੋ ਹੋਰ ਕੁੱਤਿਆਂ (ਸਗਾਂ-ਸਿੱਖਾਂ) ਸਮੇਤ ਜੋ ਹਾਲ ਤੱਕ ਬਦਲੇ ਲਈ ਜਿਉਂਦੇ ਰੱਖੇ ਸਨ, ਜੀਵਨ ਤੋਂ ਮਿਟਾ ਦਿੱਤਾ।"[75]

ਅੱਗੇ ਜਾ ਕੇ ਮਿਰਜ਼ਾ ਹਾਰਸ਼ੀ ਹੋਰ ਵਿਸਥਾਰ ਨਾਲ ਬਿਆਨ ਕਰਦਾ ਹੈ," ਦਰੀ ਰੋਜ਼ ਬੰਦਾ ਤਾ ਮੰਡਵੀ ਨਮਕ ਬਰਾਹਿ ਤਮਾਸ਼ਾ ਰਫ਼ਤਾ ਬੂਦ। ਵਾ ਅਜ਼ਾ ਜਾ ਤਾ ਕਿੱਲਾ ਮੁਬਾਰਕ ਹਮਰਾਹੀ ਨਮੂਦ। ਵਅਜ਼ ਅਹਲਿ ਸ਼ਹਰ ਕਸੇ ਬੂਦ; ਕਿ ਬਰਾਇ ਤਮਾਸ਼ਾ ਇਸਤੀਸਾਲ ਆ ਮਲਾਇਨ ਨਾ ਕਰਦਾ। ਵ ਤੁਰਫਾ ਹਜੂਮੇ ਦਰ ਕੂਚਾ ਵ ਬਾਜ਼ਾਰ ਹਾ ਬਹਮ ਰਸੀਦਾ ਬੂਦ, ਕਿ ਮਿਸਿਲ ਆਂ ਕਮਤਰ ਇਤਿਫ਼ਾਕ ਮੀ ਉਫ਼ਤਦ। ਵ ਮੁਸਲਮਾਨਾਂ ਰਾ ਸਰੂਰੇ ਤਰਬੇ ਤਮਾਮ ਦਸਤ ਦਾਦਾ। ਅੱਮਾ ਆਂ ਬਦ ਬਖ਼ਤਾਂ ਕਿ ਬਈ ਹਾਲ ਗ੍ਰਿਫਤਾਰ ਆਮਦਾ ਬੂਦੰਦ; ਬਿਸਯਾਰ ਅਜ਼ ਆਹਾਂ ਬਰ ਸ਼ਕਾਵਿਤ ਖ਼ੁਦ ਇਸਗਰ ਦਾਸ਼ਤੰਦ, ਵ ਹੇਚ ਫੁਜੂਹੋ ਪਸ਼ੂ ਪਸ਼ੂ-ਚਿਹਰਾਆਂ ਹਾ ਮਾਲੂੱਮ ਨਾ ਸ਼ੁਦ। ਬਲਕਿ ਅਕਸਰੇ ਬਰ ਸ਼ੁਤਰਾਂ ਸਰੋਦ ਮਸ਼ਗੂਲ ਬਦੂੰਦ। ਵ ਅਗਰ ਕਸੇ ਅਜ਼ ਅਹਲਿ ਕੂਚਾ ਵ ਬਾਜ਼ਾਰ ਬ ਆਂਹਾ ਸੀ ਗੁਫ਼ਤ, ਹਾਲ ਸ਼ੁਮਾ ਰਾ ਖ਼ਵਾਹੰਦ ਕੁਸ਼ਤ। ਸੀ ਗੁਫਤੰਚ, ਬਿਕੁਸ਼ੇਦ। ਮਾ ਅਜ਼ ਕੁਸ਼ਤਾਨ ਕੈ ਸੀ ਤਰਸੇਮ? ਵ ਅਗਰ ਸੀ ਤਰਸੀਦਮ; ਚਿਰ ਬ, ਸ਼ੁਮਾ ਈ ਕਦਰ ਜੰਗਹਾ ਸੀ ਕਰਦੇਮ। ਵ ਮਾ ਮਹਿਜ਼ ਬ-ਸਬੱਬ ਗੁਰਸਨਸੀ ਵ ਫ਼ਕਦਾਨਿ ਆਜ਼ੂਕਾ ਬਾ-ਦਸਤਿ ਸ਼ਮਾ ਉਫ਼ਤਾਦੇਮ, ਵ ਇੱਲਾ ਹਕੀਕਤਿ ਬਹਾਦਰੀ-ਮਾ-ਜ਼ਯਾਦਾ ਅਜ਼ ਆਂਚਹਿ ਦੀਦ ਆਬਦ, ਮਲੂਮ ਸ਼ੁਮਾਂ ਮੀ ਸ਼ੁਦ।"

ਉੱਪਰ ਦਿੱਤੀ ਵਾਰਤਾ ਨੂੰ ਸੰਖੇਪ ਵਿਚ ਇੰਝ ਬਿਆਨ ਕੀਤਾ ਜਾ ਸਕਦਾ ਹੈ,"ਉਸ ਦਿਨ ਮੈਂ ਇਹ ਤਮਾਸ਼ਾ ਦੇਖਣ 'ਲੂਣ ਮੰਡੀ' ਗਿਆ ਸੀ ਅਤੇ ਉਥੋਂ ਕਿਲ੍ਹਾ ਮੁਬਾਰਕ ਤੱਕ ਨਾਲ ਗਿਆ। ਸ਼ਹਿਰੀਆਂ ਵਿਚੋਂ ਕੋਈ ਵਿਰਲਾ ਹੀ ਸੀ, ਜਿਸ ਨੇ ਉਨ੍ਹਾਂ ਲਾਹਣਤੀਆਂ (ਸਿੱਖਾਂ) ਦਾ ਇਹ ਜੜ-ਮਾਰ ਤਮਾਸ਼ਾ ਨਹੀਂ ਵੇਖਿਆ। ਗਲੀ-ਬਾਜ਼ਾਰਾਂ ਵਿਚ ਅਜਬ ਭੀੜ-ਭੜੱਕਾ ਸੀ, ਅਜਿਹਾ ਕਦੀ ਘੱਟ ਹੀ ਹੋਇਆ ਹੋਸੀ। ਐਪਰ ਉਨ੍ਹਾਂ ਬਦਬਖ਼ਤਾਂ (ਸਿੱਖਾਂ), ਜੋ ਇਸ ਸੰਕਟ ਵਿਚ ਫਸੇ ਹੋਏ ਸਨ,ਵਿਚੋਂ ਬਹੁਤੇ ਆਪਣੀ ਇਸ ਮੰਦਹਾਲੀ ਪੁਰ ਅਭਿਮਾਨ (ਗੌਰਵ) ਕਰ ਰਹੇ ਸਨ ਅਤੇ ਉਨ੍ਹਾਂ ਦੇ ਮੁੱਖੜਿਆਂ ਤੇ ਕਿਸੇ ਤਰ੍ਹਾਂ ਦੀ ਨਮੋਸ਼ੀ ਤੇ ਭੈ ਦੇ ਨਿਸ਼ਾਨ ਨਹੀਂ ਸਨ ਦਿਸਦੇ।

ਸਗੋਂ ਅਕਸਰ ਊਠਾਂ 'ਤੇ ਬੈਠੇ (ਸ਼ਬਦ/ਸਿਮਰਨ) ਗਾਉਣ ਵਿਚ ਮਸਤ ਸਨ। ਜੋ ਗਲੀ ਕੂਚੇ ਵਿਚੋਂ ਕੋਈ ਉਨ੍ਹਾਂ ਨੂੰ ਕਹਿੰਦਾ, ਕਿ 'ਤੁਹਾਨੂੰ' ਤਾਂ ਹੁਣੇ ਮਾਰ ਦੇਣਗੇ। ਉਹ ਉੱਤਰ ਦੇਂਦੇ ;, 'ਮਾਰੋ ਨਿਸ਼ੰਗ'। ਅਸੀਂ ਕੋਈ ਮਰਨੋ ਡਰਦੇ ਆਂ? ਅਸੀਂ ਤਾਂ ਭੁੱਖ ਤੇ ਖੁਰਾਕ ਦੀ ਥੁੜ੍ਹ ਦੇ ਕਾਰਨ ਤੁਹਾਡੇ ਕਾਬੂ ਆ ਗਏ ਆਂ, ਨਹੀਂ ਤਾਂ ਸਾਡੀ ਬਹਾਦੁਰੀ ਦੀ ਹਕੀਕਤ ਜੋ ਤੁਸਾਂ ਵੇਖੀ ਹੈ, ਇਸ ਤੋਂ ਵੱਧ ਤੁਹਾਨੂੰ ਮਾਲੂਮ ਹੋ ਜਾਂਦੀ।"

3. ਇਬਰਤਨਾਮਾ : ਇਹ ਹੱਥ-ਲਿਖਤ ਸਈਦ ਕਾਸਿਮ ਲਾਹੌਰੀ ਦੀ ਹੈ ਜੋ 1718 ਈ. (113 ਹਿਜਰੀ) ਨੂੰ ਮੁਕੰਮਲ ਹੋਈ ਸੀ। ਇਸੇ ਲੇਖਕ ਦੀ ਦੂਜੀ ਲਿਖਤ

'ਇਬਰਤ-ਮਕਾਲ'ਹੈ, ਜੋ 1731 ਈ. ਨੂੰ ਮੁਕੰਮਲ ਹੋਈ। ਸਰਕਾਰੀ ਨੌਕਰ ਹੋਣ ਦੇ ਨਾਤੇ, ਇਹ ਆਰਿਫ਼ ਬੇਗ ਖਾਨ, ਨਾਇਬ ਸੂਬੇ ਦੇ ਪਾਸ ਸੀ। ਇਸ ਨੇ ਵੀ ਅੱਖੀਂ ਵੇਖੇ ਹਾਲਾਤਾਂ ਨੂੰ ਕਲਮਬੰਦ ਕੀਤਾ ਹੈ। ਮੂਲ ਫਾਰਸੀ ਲਿਖਤ ਇੰਝ ਹੈ:

عبرت نامہ - محمد قاسم لاہوری

حکم قضا شیم در باب قتل گورو و پسرش و کناسیان دیگر
که عالمی را خراب کرده رفیق طریق بغی و فساد او بودند شرف صدور
یافت چنانچه نزدیک درگاه آسمان جاه حضرت خواجه قطب
الدین بختیار کاکی او را با پسرش که پنجساله بود کشتند - ص ۴۷

"ਗੁਰੂ (ਬੰਦਾ ਸਿੰਘ), ਉਸ ਦੇ ਪੁੱਤਰ ਅਤੇ ਦੂਸਰੇ ਭੈੜੇ ਬੰਦਿਆਂ ਬਾਬਤ, ਜਿਹੜੇ ਕਿ ਬਗ਼ਾਵਤ ਅਤੇ ਫ਼ਸਾਦ ਵਿਚ ਉਸ ਦੇ ਸਾਥੀ ਸਨ, ਕਤਲ ਦਾ ਹੁਕਮ ਹੋਇਆ ਚੁਨਾਂਚਿ ਰੱਬੀ ਜਲਾਲ ਦੇ ਮਾਲਕ ਹਜ਼ਰਤ ਖੁਆਜਾ ਕੁਤਬਦੀਨ ਬਖ਼ਤਿਆਰ ਕਾਕੀ ਦੇ ਮਜ਼ਾਰ ਦੇ ਲਾਗੇ ਉਸ (ਬੰਦਾ ਸਿੰਘ) ਨੂੰ, ਸਣੇ ਉਸ ਦੇ ਪੰਜ ਸਾਲਾ ਪੁੱਤਰ ਦੇ ਕਤਲ ਕਰ ਦਿੱਤਾ।"

ਇਸ ਲਿਖਤ ਦੇ ਨਸੱਕੇ ਖਾਲਸਾ ਕਾਲਜ ਅੰਮ੍ਰਿਤਸਰ, ਬ੍ਰਿਟਿਸ਼ ਮਿਊਜ਼ੀਅਮ ਲਾਇਬ੍ਰੇਰੀ ਲੰਡਨ (ਇੰਗਲੈਂਡ), ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ, ਲਾਹੌਰ ਵਿਚ ਵੀ ਮੌਜੂਦ ਹਨ। ਗੁਰਦਾਸ ਨੰਗਲ ਦੇ ਘੇਰੇ ਸਮੇਂ ਲੇਖਕ ਮੁਹੰਮਦ ਕਾਸਿਮ ਲਾਹੌਰੀ ਚਸ਼ਮਦੀਦ ਗਵਾਹ ਸੀ, ਜਦੋਂ ਉਹਨਾਂ ਨੂੰ ਕੈਦ ਕਰਕੇ ਦਿੱਲੀ ਰਵਾਨਾ ਕੀਤਾ ਗਿਆ ਸੀ।

4. ਤਜ਼ਕਰਾ-ਇ-ਚੁਗੱਤਵੀ : ਇਸ ਨੂੰ 'ਤਜ਼ਕਰਾ-ਇ-ਸੁਲਤਾਨ-ਇ-ਚੁੱਗਤਵੀ' ਵੀ ਆਖਿਆ ਜਾਂਦਾ ਹੈ। ਇਸ ਦੇ ਲੇਖਕ ਮੁਹੰਮਦ ਹਾਦੀ ਕਮਰ ਖ਼ਾਨ ਹੈ। ਇਸ ਲਿਖਤ ਦੀਆਂ ਨਕਲਾਂ ਮੁਸਲਿਮ ਯੂਨੀਵਰਸਿਟੀ ਲਾਇਬ੍ਰੇਰੀ, ਅਲੀਗੜ੍ਹ, ਪੰਜਾਬ ਪਬਲਿਕ ਲਾਇਬ੍ਰੇਰੀ, ਲਾਹੌਰ, ਬ੍ਰਿਟਿਸ਼ ਮਿਊਜ਼ੀਅਮ ਲਾਇਬ੍ਰੇਰੀ ਲੰਡਨ (ਇੰਗਲੈਂਡ), ਖੁਦਾ ਬੁਖ਼ਸ਼ ਓਰੀਐਂਟਲ ਪਬਲਿਕ ਲਾਇਬ੍ਰੇਰੀ ਬਾਂਕੀਪੁਰ, ਪਟਨਾ ਆਦਿ ਵਿੱਚ ਮੌਜੂਦ ਹਨ। ਅਸਲ ਫ਼ਾਰਸੀ ਵਿਚ ਲਿਖਤ ਇਸ ਤਰ੍ਹਾਂ ਹੈ :

تذکرہ سلاطین - محمد هادی کامور خان

برت و بیم سربراه خان کوتوال و ابراهیم الدین میر آتش مقهور ملعون و
پسر سه ساله او را بالبعت و بیست و شش رفیقا لشی در جوار مزار خواجه قطب الا
قطاب قدس سره بعذاب تمام بقتل رسانیدند و سطح جهان از لوث
وجود آن ناپاک مصفا شد - ص ۱۸۰

"ਸਰਬਰਾਹ ਖਾਂ ਕੋਤਵਾਲ ਤੇ ਇਬਰਾਹੀਮੁੱਦੀਨ ਖ਼ਾਨ 'ਮੀਰ-ਆਤਿਸ਼' ਨੇ ਕਹਿਰ ਪੈਣੇ ਲਾਹਨਤੀ (ਬੰਦਾ ਸਿੰਘ) ਉਸਦੇ ਤ੍ਰੈ-ਸਾਲਾ ਪੁੱਤਰ (ਅਜੈ ਸਿੰਘ) ਨੂੰ ਉਸ ਦੇ ਛੱਬੀਹ ਹੋਰ ਸਾਥੀਆਂ (ਸਿੰਘਾਂ) ਸਣੇ ਖ਼ਵਾਜਾ ਕੁਤਬੁਦੀਨ ਦੇ (ਕਬਰ) ਪਾਸ ਲੈ ਜਾ ਕੇ, ਅਤਿ ਤਸੀਹੇ ਦੇ ਕੇ ਕਤਲ ਕਰ ਦਿੱਤਾ, ਅਤੇ ਇਉਂ ਧਰਤੀ ਉਸ ਦੇ ਮਲੀਨ ਜੁੱਸੇ ਦੀ ਗੰਦਗੀ ਤੋਂ ਸਾਫ਼ ਹੋ ਗਈ।

5. ਮੁੰਤਖ਼ਬ-ਉਲ-ਲਬਾਬ : ਇਸ ਲਿਖਤ ਦਾ ਲੇਖਕ ਮੁਹੰਮਦ ਹਾਸ਼ਮ ਬਿਨ ਖ਼ਾਫ਼ੀ ਖ਼ਾਨ ਹੈ। ਇਹ ਲੇਖਕ ਖ਼ਾਫ਼ੀ ਖ਼ਾਨ ਦੇ ਨਾਂ ਨਾਲ ਬਹੁਤ ਪ੍ਰਸਿੱਧ ਹੈ। ਇਹ ਲਿਖਤ ਇਸ ਨੇ 1722

ਈ. (1134 ਹਿਜਰੀ) ਵਿਚ ਮੁਕੰਮਲ ਕੀਤੀ। ਇਸ ਦੀ ਕਾਪੀ ਏਸ਼ੀਆ ਸੁਸਾਇਟੀ, ਕਲਕੱਤਾ ਆਦਿ ਥਾਂ ਤੇ ਮੌਜੂਦ ਹੈ। ਇਸ ਲਿਖਤ ਦਾ ਉਰਦੂ ਅਨੁਵਾਦ ਮਹਿਮੂਦ ਅਹਿਮਦ ਫਾਰੂਕੀ ਨੇ ਕੀਤਾ ਅਤੇ 1963 ਈ. ਵਿੱਚ ਨਫ਼ੀਸ ਅਕੈਡਮੀ, ਕਰਾਚੀ ਨੇ ਛਾਪਿਆ ਹੈ। ਖਾਫ਼ੀ ਖਾਂ ਬਾਬਾ ਬੰਦਾ ਬਹਾਦੁਰ ਬਾਰੇ ਲਿਖਦਾ ਹੈ, "ਗੋਯੰਦ ਏਤਮਾਦੁ ਦੌਲਾ ਮੁਹੰਮਦ ਅਮੀਨ ਖ਼ਾਨ ਵਕਤਿ ਮੁਲਾਕਾਤ ਅਜ਼ਾ ਮਕਤੂਲ ਯਾਨੀ ਸਰਗਰੋਹਿ ਆਂ ਪੁਰਸ਼ੀਦ, ਕਿ ਆਸਾਰਿ ਅਕੱਲੋ-ਰਸ਼ਾਦਤ ਅਜ਼ ਚਿਹਰਾਇ ਹਾਲਿ ਤੋਂ ਪੈਦਾਸਤ। ਤੁਰਾ-ਚਿਹ-ਬਰੀ-ਦਾਸ਼ਤ ਕਿ "ਅਜ਼ ਮਕਾਫ਼ਾਤਿ ਏਮਾਲ ਨਿੰਯਦੇ-ਸ਼ੀਦੀ, ਵ ਬਰਾਇ ਚਹਾਰ ਰੋਜ਼ਾ ਜ਼ਿੰਦਗਾਨੀ ਬਦ ਆਕੱਬਤ ਮੁਰਤਕਿਬ ਚੁਨੀ ਜ਼ੁਲਮੋ ਅਫ਼ਅੱਲਿ ਸ਼ਨੀਆਂ ਬਰ ਕੌਮ ਹਨੂਦੋ ਮੁਸਲਮਾਨ ਗਸ਼ਤੀ? ਦਰ ਜਵਾਬ ਗੁਫਤ : ਦਰ ਹਮਾ ਮਜ਼ਹਬੋ-ਮਿਲਾਲ ਹਰਗਾਹ ਨ ਫਰਮਾਨੀ – ਵ ਮਾੱਸੀਅਤ ਅਜ਼ ਇਨਸਾਨ ਮੁਜਸਮ ਅਜ਼ ਨਿਸ਼ੀਆਂ ਜ਼ਯਾਦਾ ਅਜ਼ਹੱਦ-ਬ-ਜਹੂਰ ਮੀ ਆਯਦ, ਮੁਤੰਕਿਮ ਹਕੀਕੀ ਦਰ ਮਕਾਫਾਤ ਸਿਯਾਤਿ ਊ ਮਿਸਲਿ ਮਨ ਜ਼ਾਲਿਮ ਰਾ ਮੀ ਗੁਮਾਰਦ ਕਿ ਬਾਇਸਿ ਜਜ਼ਾਇ ਕਿਰਦਾਰਿ ਆ ਜਮੱਯਾ ਮੀ ਗਰਦਦ:

ਚੂੰ ਖਾਹਦ ਕਿ ਵੈਰਾਂ ਕੁਨਦ ਆੱਲਿਮੇ
ਨਿਹਦ ਮੁਲਕ ਦਰ ਪੰਜਾਏ ਜ਼ਾਲਿਮੇ॥

"ਬਾਦ ਹੂ ਬਰਾਇ ਤਲਾਫੀ ਏਮਾਲਿ ਊ, ਮਿਸਲਿ ਸ਼ੁਮਾ ਸਾਹਿਬਿ ਸਰਵਤ ਰਾ ਬਰੋ ਤਸੱਲਤ ਮੀ ਬਖਸ਼ਦ; ਮਿ ਊ ਰਾ ਨੀਜ਼ ਬਜਜ਼ਾ ਵ-ਸਜ਼ਾ ਏਮਾਲਿ ਊ ਦਰੀਂ ਜਹਾਂ ਰਸਾਨਦ। ਚੁਨਾਂਚਿ ਮਾ ਵ-ਸ਼ੁਮਾਂ ਮਸ਼ਾਹਦਾ ਮੀ ਨੁਆਏਮ।"

ਸੰਖੇਪ ਜਿਹੇ ਸ਼ਬਦਾਂ ਵਿਚ ਇਸ ਦੇ ਅਰਥ ਹਨ:

"ਕਹਿੰਦੇ ਕਿ, ਮਿਲਣ ਸਮੇਂ ਏਤਮਾਦੁ ਦੁਲਾ ਮੁਹੰਮਦ ਖਾਨ ਨੇ ਉਸ ਮਰਦੂਦ ਮਰ ਜਾਣੇ ਯਾਨੀ ਉਨ੍ਹਾਂ (ਸਿੱਖਾਂ ਦੇ ਸਰਦਾਰ ਬੰਦਾ ਸਿੰਘ) ਪਾਸੋਂ ਪੁੱਛਿਆ, ਕਿ ਤੇਰੇ ਚਿਹਰੇ ਤੋਂ ਤਾਂ ਬੁੱਧਿ ਤੇ ਸੁਭਾਚਰਨਿ ਟਪਕਦੇ ਹਨ। ਤੈਨੂੰ ਕਿਸ ਕਰਕੇ ਇਸ (ਕਰਤੂਤ) ਲਈ ਮਜਬੂਰ ਹੋਣਾ ਪਿਆ, ਜੁ ਅਮਲਾਂ ਦਾ ਫਲ ਵਿਚਾਰੇ ਬਿਨਾਂ ਮੰਦਾ ਫਲ ਦੇਣ ਵਾਲੇ ਚਾਰ ਦਿਹਾੜੇ ਵਾਸਤੇ, ਤੂੰ ਹਿੰਦੂਆਂ, ਮੁਸਲਮਾਲਾਂ ਉੱਤੇ ਇਹੋ ਜਿਹੇ ਅਤਿਆਚਾਰ ਤੇ ਮੰਦੇ ਕੰਮ ਕੀਤੇ? ਉੱਤਰ ਵਿੱਚ (ਬੜੇ ਠਰ੍ਹੰਮੇ ਨਾਲ)ਆਖਿਉ ਸੁ: 'ਹਰਕਿ ਦੀਨ-ਧਰਮ ਵਿਚ, ਇਸ ਭੁੱਲਾਂ ਦੇ ਪੱੜਲ ਮਨੁੱਖ ਵਲੋਂ ਜਦ ਬੇ-ਮੁੱਖਤਾ ਤੇ ਪਾਪ ਹੱਦੋਂ ਵੱਧ ਜਾਂਦੇ ਤਾਂ ਸੱਚਾ ਬਦਲ ਲੈਣਾ (ਅਕਾਲ ਪੁਰਖ) ਉਸ ਦੇ ਪਾਪਾਂ ਦਾ ਫਲ ਭੁਗਤਣ ਵਾਸਤੇ ਮੇਰੇ ਵਰਗਾ ਜ਼ਾਲਿਮ ਮੁਕਰੱਰ ਕਰ ਦੇਂਦਾ ਹੈ, ਤਾਂ ਜੋ ਉਸ ਕੌਮ (ਜਮਾਤ) ਦੇ ਕਰਮਾਂ ਦੀ ਸਜ਼ਾ ਦੇਣ ਦਾ ਕਾਰਣ ਬਣੇ।"

ਖਾਫ਼ੀ ਖਾਂ ਨੇ ਸਾਰੇ ਅੱਖੀ ਡਿੱਠੇ ਹਾਲ ਲਿਖੇ ਹਨ। ਇਸੇ ਲਿਖਤ ਵਿਚ ਹੀ ਉਸ ਨੇ ਸਿੱਖ ਭੁਜੰਗੀ ਦੇ ਸਿਦਕ ਤੇ ਦਲੇਰੀ ਦੀ ਦਾਸਤਾਨ ਦਰਜ ਕੀਤੀ ਹੈ। "ਦਰ ਅਯਾਮ ਕੁਸ਼ਤਨਿਆਂ ਜਮਾਯਾ, ਮਾਦਰਿ ਯਕੇ ਅਜ਼ਾਂਹਾ-ਕਿ ਜਵਾਨ ਨੌਖੇਜ਼ ਤਾਜ਼ਾ ਬਾ-ਅਰਸਾਇ ਜ਼ਹੂਰ ਆਮਦਾ ਬੂਧ-ਵਸੀਲਾ ਵ ਮੁਰਬੀ ਬਹਮ ਰਸਾਨੀਦਾ, ਨਿਜ਼ਦਿ ਪਾਦਸ਼ਾਹ ਰਸੀਵ ਵ ਸਯੱਦ ਅਬਦੁੱਲਤ ਖਾਨ ਹਿਸ ਤਗਾਸਾ ਨਮੂਦਾ ਬ-ਇਜਜ਼ੋ ਇਲਹਾਹ ਤਮਾਮ ਇਲਤਮਾਸ ਨਮੂਦਨ ਮਾਲ ਦਸਤਗੀਰ ਨਮੂਦਾ ਬੂਦੰਦ। ਵ ਬੇ-ਤਕਸੀਰ ਦਾਖਿਲ ਆਂ ਗਰੋਹ ਬ-ਅਮੀਰੀ-ਦਰ ਆਮਦ। ਵ ਬਰਾਇ ਖ਼ਲਾਸੀ ਪਿਸਰਿ ਊ ਸਜ਼ਾਵਲ ਅਜ਼ ਹਜ਼ੂਰ ਤਅਯਨ ਨਮੂਦ। ਵ ਆਂ ਜ਼ਨ ਮੁਹੀਲ ਬਾ ਹੁਕਿਮ ਖਲਾਸੀ-ਪਿਸਰ ਵਕਤ ਰਸੀਦ, ਕਿ ਜਲਾਦ ਬਰ ਸਰਿਆਂ ਸ਼ਕੀ ਬਾ ਤੇਗ ਆਖ਼ਤਾ ਇ ਖੂਨ-ਚਕਾਂ ਇਸਤਾਦਾ ਬੂਦ,

ਪਰਵਾਨਗੀ ਇਸਤਖਲਾਸਿ ਊ ਰਸਾਂਦ।

"ਪਸਰਿ ਊ ਬ-ਫਰਿਆਦ ਆਮਦ, ਕਿ ਮਾਦਰਮ ਦਰੋਗ ਸੀ ਗੋਯਦ। ਮਨ ਬ-ਦਿਲੋ ਜਾਨ ਅਜ਼ ਮੌਤਕਿ ਦਾਨੋ ਫਿਦਵੀਆਨ ਜਾਂ-ਨਿਸਾਰ ਮੁਰਸ਼ਦਿ ਖ਼ੁਦਮ। ਮਰਾ ਜ਼ੂਦ ਏ-ਰਫ਼ੀ ਕਾਨਿ ਮਨਨ ਰਸਾਨੇਦ।"

ਸੰਖੇਪ ਵਿਚ ਇਸ ਲਿਖਤ ਦੇ ਅਰਥ ਇਸ ਤਰ੍ਹਾਂ ਹਨ : "ਉਸ ਫ਼ਿਰਕੈ (ਸਿੰਘਾਂ) ਦੇ ਕਤਲ ਕੀਤੇ ਜਾਣ ਸਮੇਂ, ਉਨ੍ਹਾਂ ਤੋਂ ਇੱਕ ਅਲੂੰਏ ਗੱਭਰੂ ਦੀ ਮਾਤਾ, ਕਿਸੇ ਵਸੀਲੇ ਤੇ ਮੁਰੱਬੀ ਰਾਹੀਂ ਪਾਦਸ਼ਾਹ ਤੇ (ਵੱਡੇ ਵਜ਼ੀਰ) ਸਯੱਦ ਅਬਦੂਲਹ ਖ਼ਾਨ ਪਾਸ ਪਹੁੰਚ ਗਈ। ਉਸ ਨੇ ਬੜੇ ਮਿੰਨਤਾਂ-ਤਰਲੇ ਕਰਕੇ, ਫ਼ਰਿਆਦ ਕੀਤੀ ਕਿ 'ਮੇਰਾ ਪੁੱਤਰ ਉਸ ਗੁਮਰਾਹ (ਬੰਦਾ ਸਿੰਘ) ਵਲੋਂ ਸਤਾਏ ਤੇ ਕਾਬੂ ਕੀਤੇ ਲੋਕਾਂ ਵਿਚੋਂ ਸੀ, ਜੋ ਮਾਲ-ਮੱਤਾ ਲੁੱਟਣ ਤੋਂ ਬਾਅਦ ਉਸ ਨੇ ਫੜ ਲਏ ਸਨ। ਉਹ ਨਿਰਦੋਖ ਉਸ ਟੋਲੇ (ਸਿੰਘਾਂ) ਦੇ ਨਾਲ ਹੀ ਫੜਿਆ ਗਿਆ ਹੈ, ਤੇ ਕਤਲ ਕੀਤੇ ਜਾ ਰਹੇ ਸਿੱਖਾਂ ਵਿਚ, ਬੇਗੁਨਾਹ ਫਸ ਗਿਆ ਹੈ।"

ਮੁਹੰਮਦ ਫ਼ਰੁਖਸੀਅਰ ਨੂੰ ਉਸ ਛਲੀਆ ਬੁਢੜੀ ਦੀਆਂ ਗੱਲਾਂ ਅਰੁ ਹਾਲ ਪੁਰ ਤਰਸ ਆ ਗਿਆ। ਉਸ ਦੇ ਬੱਚੇ ਦੀ ਖਲਾਸੀ ਵਾਸਤੇ ਹਜ਼ੂਰੋਂ ਖਾਸ ਬੰਦਾ (ਸਜ਼ਾਵਲ) ਉਸ ਮਾਈ ਨਾਲ ਟੋਰਿਆ। ਪੁੱਤਰ ਦੀ ਖਲਾਸੀ ਦੀ ਪ੍ਰਵਾਨਗੀ ਮਾਈ ਨੇ ਐਨ ਉਸ ਮੌਕੇ ਤੇ ਪਹੁੰਚਾਈ, ਜਦੋਂ ਜਲਾਦ ਰੱਤ-ਵਿਰਤੀ ਨੰਗੀ ਤਲਵਾਰ, ਉਸ ਬਦ-ਬਖ਼ਤ ਦੇ ਸਿਰ ਤੇ ਲਾਈ ਖਲੋਤਾ ਸੀ।

ਉਸ ਦੇ ਪੁੱਤਰ ਨੇ ਪੁਕਾਰ ਕੀਤੀ : 'ਮੇਰੀ ਮਾਂ ਝੂਠ ਬੋਲਦੀ ਹੈ। ਮੈਂ ਦਿਲੋ-ਜਾਨ ਤੋਂ ਆਪਣੇ ਸਤਿਗੁਰ ਦਾ ਸਿਦਕੀ ਸੇਵਕ ਤੇ ਜਿੰਦਵਾਰਨ ਵਾਲਾ ਸਿੱਖ (ਮੁਰੀਦ) ਹਾਂ। ਮੈਨੂੰ ਛੇਤੀ ਸ਼ਹੀਦ ਕਰਕੇ ਆਪਣੇ ਸਾਥੀਆਂ ਨਾਲ ਰਲਾਇਆ ਜਾਵੇ।'

ਇਸ ਘਟਨਾ ਦਾ ਜ਼ਿਕਰ ਖ਼ੁਸ਼ਹਾਲ ਚੰਦ ਵੀ ਤਾਰੀਖ਼ਿ-ਮੁਹੰਮਦ ਸ਼ਾਹੀ (1740ਈ) ਵਿੱਚ ਸਫ਼ਾ 119 ਅਤੇ ਮੁਹੰਮਦ ਅਲੀ ਖ਼ਾਨ ਅਨਸਾਰੀ ਵੀ ਤਾਰੀਖ਼ਿ-ਮੁਜ਼ੱਫ਼ਰੀ (1800 ਈ) ਦੇ ਸਫ਼ਾ 109 ਤੇ ਬਾ-ਖ਼ੂਬੀ ਕਰਦਾ ਹੈ।

6. ਮਿਰਾਤ-ਏ-ਵਾਰਿਦਾਤ : ਇਹ ਲਿਖਤ ਮੁਹੰਮਦ ਸ਼ਫੀ ਬਿਨ ਮੁਹੰਮਦ ਸ਼ਰੀਫ ਵਾਰਦ ਦੀ ਹੈ, ਜੋ 1729 ਈ. (1142 ਹਿਜਰੀ) ਵਿਚ ਸੰਪੂਰਨ ਕੀਤੀ ਗਈ ਸੀ। ਇਸ ਦੀਆਂ ਨਕਲਾਂ ਖਾਲਸਾ ਕਾਲਜ, ਅੰਮ੍ਰਿਤਸਰ, ਬ੍ਰਿਟਿਸ਼ ਮਿਊਜ਼ੀਅਮ ਲਾਇਬ੍ਰੇਰੀ ਲੰਡਨ (ਇੰਗਲੈਂਡ) ਆਦਿ ਵਿਚ ਮੌਜੂਦ ਹਨ। ਇਹ ਲੇਖਕ ਦਿੱਲੀ ਵਿਚ ਰਹਿੰਦਾ ਸੀ ਅਤੇ ਆਪਣੇ ਵੱਡੇ ਅਹਿਲਕਾਰ ਦੀ ਬੇਨਤੀ ਤੇ ਇਹ ਕਿਤਾਬ ਲਿਖੀ ਸੀ। ਇਕ ਹੋਰ ਇਸ ਦੀ ਕਿਤਾਬ 'ਤਾਰੀਖ-ਇ-ਚੁਗਤਾਈ' ਵੀ ਹੈ। ਮੂਲ ਫ਼ਾਰੀਸੀ ਲਿਖਤ ਇਸ ਤਰ੍ਹਾਂ ਹੈ:

مرات واردات

[illegible]

ਸੰਖੇਪ ਵਿਚ ਇਸ ਲਿਖਤ ਦਾ ਸਾਰਅੰਸ਼ ਇਹ ਹੈ ਕਿ ਉਹਨਾਂ (ਸਿੱਖਾਂ) ਨੂੰ ਬਜ਼ਾਰਾਂ ਅਤੇ ਗਲੀ-ਕੂਚਿਆਂ ਵਿਚੋਂ ਫੇਰ ਕੇ ਖ਼ਵਾਜਾ ਕੁਤਬੁਦੀਨ ਕਾਕੀ ਦੀ ਦਰਗਾਹ ਕੋਲ, ਜਿੱਥੇ ਚਸ਼ਮਾ ਹੈ, ਪੁੱਤਰ ਸਮੇਤ ਮਾਰ ਦਿੱਤਾ ਗਿਆ।

7. ਤਾਰੀਖ਼-ਇ-ਬਹਾਦਰ ਸ਼ਾਹੀ : ਇਸ ਲਿਖਤ ਦਾ ਦੂਜਾ ਨਾਂ 'ਤਾਰੀਖ-ਇ-ਮੁਹੰਮਦ ਸ਼ਾਹੀ ਨਾਦੀਰ-ਉਜ਼-ਜ਼ਮਾਨੀ' ਹੈ। ਇਹ 1749 ਈ. (1161 ਹਿਜਰੀ) ਵਿਚ ਮੁਕੰਮਲ ਕੀਤੀ ਗਈ ਸੀ। ਇਸ ਲਿਖਤ ਦੀਆਂ ਨਕਲਾਂ ਪੰਜਾਬ ਪਬਲਿਕ ਲਾਇਬ੍ਰੇਰੀ, ਲਾਹੌਰ; ਬ੍ਰਿਟਿਸ਼ ਮਿਊਜ਼ੀਅਮ ਲਾਇਬ੍ਰੇਰੀ ਲੰਡਨ (ਇੰਗਲੈਂਡ) ਆਦਿ ਵਿਚ ਮੌਜੂਦ ਹਨ। ਇਸ ਲਿਖਤ ਵਿਚ ਬਾਬਾ ਬੰਦਾ ਸਿੰਘ ਬਹਾਦੁਰ ਅਤੇ ਸਿੱਖਾਂ ਦੀ ਕਤਲੇਆਮ ਦੇ ਜ਼ਿਕਰ ਤੋਂ ਇਲਾਵਾ ਉਸ ਨੌਜਵਾਨ ਸਿੱਖ ਬਹਾਦਰ ਬੱਚੇ ਦਾ ਜ਼ਿਕਰੇ-ਖੈਰ ਕੀਤਾ ਗਿਆ ਹੈ, ਜਿਸ ਨੇ ਰਿਹਾਈ ਦਾ ਹੁਕਮ ਠੁਕਰਾ ਦਿੱਤਾ ਸੀ।

ਮੂਲ ਫ਼ਾਰਸੀ ਸ਼ਬਦ ਇਸ ਤਰ੍ਹਾਂ ਹਨ :

"ਮਨ ਨਮੇ ਦਾਨਮ ਕਿ ਈਂ ਮਾਦਰ ਕੀਮਤ ਵ ਈਂ ਅਰੂਸ ਅਜ਼ ਕੁਜਾ ਆਵੁਰਦਾ। ਵ ਈ. ਚਿਗੂਨਾ ਸੁਖ਼ਨਹਾਇ ਮੀ ਗੋਯਦ। ਰਫ਼ੀਕਾਨਿ ਮਨ ਗੁਜ਼ਸ਼ਤੰਕ, ਵ ਅਕਨੂੰ ਵਕਤਿ ਮਾ ਅਜ਼ ਦਸਤ ਮੀ ਰਵਦ। ਵ ਈਂ ਮੁਹਲਤ ਬਾਇਸਿ ਆਜ਼ਾਰਿ ਮਾਸਤ।"

ਇਸ ਲਿਖਤ ਨੂੰ ਸੰਖੇਪ ਵਿਚ ਇਸ ਤਰ੍ਹਾਂ ਬਿਆਨ ਕੀਤਾ ਜਾ ਸਕਦਾ ਹੈ। " ਮੈਂ ਨਹੀਂ ਜਾਣਦਾ ਕਿ ਇਹ ਮਾਂ ਕਿਸ ਦੀ ਹੈ, ਤੇ ਇਹ ਵਹੁਟੀ ਕਿਥੋਂ ਲਿਆਈ ਹੈ। ਅਰੁ ਇਹ ਕਿਹੋ ਜਿਹੀਆਂ ਗੱਲਾਂ ਪਈ ਕਰਦੀ ਐ। ਮੇਰੇ ਸਾਥੀ (ਸ਼ਹਾਦਤ ਲਈ ਦੂਰ) ਲੰਘ ਗਏ ਹਨ, ਤੇ ਹੁਣ ਮੇਰਾ ਵਕਤ ਹੱਥੋਂ ਜਾ ਰਿਹਾ ਹੈ। ਇਹ ਘੜੀ (ਪਛੜੇਵਾਂ) ਮੇਰੇ ਵਾਸਤੇ ਦੁਖਦਾਈ ਹੈ।"

ਇਨ੍ਹਾਂ ਉਪਰੋਕਤ ਫਾਰਸੀ ਲਿਖਤਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਲਿਖਤਾਂ ਹਨ, ਜਿਨ੍ਹਾਂ ਵਿਚ ਬਾਬਾ ਬੰਦਾ ਸਿੰਘ ਬਹਾਦੁਰ ਦੀ ਸ਼ਹਾਦਤ ਦਾ ਵਰਨਣ ਆਇਆ ਹੈ ਜਵੇਂ ਅਸਰਾਰਿਮਦੀ,ਅਹਿਵਾਲ-ਇ-ਸਿੱਖਾਂ-ਉ-ਬੰਦਾ,ਹਾਲਾਤ-ਇ-ਸਲਤਨਤ-ਇ-ਫ਼ਰੁਖ ਅਰ-ਵਾ-ਮੁਹੰਮਦ ਸ਼ਾਹ, ਜੰਗ-ਇ-ਬਹਾਦਰ ਸ਼ਾਹੀ, ਤਾਰੀਖ-ਇ-ਅਲੀ, ਹਕੀਕਤ-ਉਲ-ਅਕਵਾਲਿਮ, ਤਵਾਰੀਖ ਫ਼ਰਾਹ ਬਖਸ਼, ਨਾਜ਼ਰ ਉਸਮਾਨੀ, ਅਹਿਵਾਲ-ਇ-ਜੰਗ-ਇ-ਅਬਦੁਸ ਸਮਦ ਖਾਨ ਬਰ ਖਿਲਾਫ-ਇ-ਸਿੱਖਾਂ-ਵਾ-ਬੰਦਾ, ਸ਼ਾਹਨਾਮਾ,ਤਵਾਰੀਖ-ਏ-ਮੁਹੰਮਦ ਸ਼ਾਹ ਨਾਦਰ ਜ਼ਮਾਨੀ,ਤਵਾਰੀਖ-ਇ-ਪੰਜਾਬ, ਤਵਾਰੀਖ-ਇ-ਇਰਾਬਤ ਖਾਨੀ ਤਵਾਰੀਖ-ਇ-ਮੁਬਾਰਖ, ਬਹਿਰ-ਉਲ-ਮਵਾਜ, ਫਤੂਹਤਨਾਮਾ ਸਮਦੀ, ਮੁਨਵਰ-ਉਲ-ਕਲਾਮ,ਜਾਮਿ-ਉਤ-ਤਵਾਰੀਖ, ਤਬਸੀਰਾਤ-ਉਲ-ਲਾਜ਼ਰੀਨ, ਤਵਾਰੀਖ-ਇ-ਜਾਨੀਸ਼ੀਨ-ਇ-ਔਰੰਗਜੇਬ, ਦਸਤੂਰ-ਉਲ-ਇਨਸ਼ਾ-ਇ-ਜਲੰਧਰ, ਰੋਜਨਾਮਚਾ, ਤਾਰੀਖ-ਏ-ਪੰਜਾਬ, ਤਜ਼ਕਰਤ ਅਲ ਮਲੂਕ, ਮੁਆਸਰ-ਉਲ-ਅਮਰਾ, ਜਮਾਏ-ਤੁ-ਤਵਾਰੀਖ, ਆਮਦ-ਉਸ-ਆਦਾਤ ਆਦਿ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਦਾ ਕਿਤੇ ਵਿਸਥਾਰ ਨਾਲ ਅਤੇ ਕਿਤੇ ਸੰਕਚਵੇਂ ਢੰਗ ਨਾਲ ਜ਼ਿਕਰ ਆਇਆ ਹੈ।

ਉਪਰ ਦਿੱਤੀਆਂ ਫ਼ਾਰਸੀ ਲਿਖਤਾਂ ਵਿਚੋਂ ਜੋ ਸਿੱਟੇ ਸਾਹਮਣੇ ਆਏ ਹਨ, ਉਹ ਇਸ ਪ੍ਰਕਾਰ ਹਨ :

1. ਬਾਬਾ ਬੰਦਾ ਸਿੰਘ ਬਹਾਦਰ ਅਤੇ ਸਾਥੀਆਂ ਨੂੰ ਸਰਬਰਾਹ ਖਾਨ ਕੋਤਵਾਲ ਅਤੇ ਮੀਰੇ-ਆਤਿਸ਼ ਅਤੇ ਇਬਰਾਹੀਮੁ-ਦੀਨ ਖਾਨ ਦੀ ਨਿਗਰਾਨੀ ਹੇਠ ਜਲੂਸ ਦੀ ਸ਼ਕਲ ਵਿਚ ਕਿਲ੍ਹੇ ਤੋਂ ਬਾਹਰ ਲਿਆਂਦਾ ਗਿਆ। ਸਾਰਿਆਂ ਨੂੰ ਬੇੜੀਆਂ ਨਾਲ ਜਕੜਿਆ ਹੋਇਆ

ਸੀ। ਬਾਬਾ ਬੰਦਾ ਸਿੰਘ ਨੂੰ ਤਿੱਲੇਦਾਰ ਲਾਲ ਰੰਗ ਦੀ ਪਗੜੀ ਅਤੇ ਲਿਬਾਸ ਪਹਿਨਾਈ ਗਈ ਸੀ ਅਤੇ ਹਾਥੀ ਉੱਤੇ ਪਿੰਜਰੇ ਵਿਚ ਬਿਠਾਇਆ ਗਿਆ ਸੀ। ਬਾਕੀ ਸਿੰਘ ਉਸ ਦੇ ਪਿੱਛੇ ਲੋਹੇ ਦੀਆਂ ਸੰਗਲਾਂ ਨਾਲ ਜਕੜੇ ਹੋਏ ਤੁਰ ਰਹੇ ਸਨ। ਇਨ੍ਹਾਂ ਸਾਰਿਆਂ ਨੂੰ ਪੁਰਾਣੇ ਸ਼ਹਿਰ ਦੀਆਂ ਗਲੀਆਂ, ਬਾਜ਼ਾਰਾਂ ਵਿਚੋਂ ਤੋਰ ਕੇ ਜਲੂਸ ਦੀ ਸ਼ਕਲ ਦਿੱਤੀ ਗਈ।

2. ਬਾਬਾ ਬੰਦਾ ਸਿੰਘ ਬਹਾਦਰ ਅਤੇ ਚੋਣਵੇਂ ਸਿੱਖਾਂ ਨੂੰ ਬਾਕੀ 741 ਸਿੱਖਾਂ ਨਾਲੋਂ ਵੱਖ ਕੀਤਾ ਗਿਆ। 741 ਸਿੱਖਾਂ ਨੂੰ ਤ੍ਰਿਪੋਲੀ-ਜੇਲ੍ਹ ਵਿਚ ਕੋਤਵਾਲ ਸਰਬਰਾਹ ਖਾਨ ਦੇ ਹਵਾਲੇ ਕਰ ਜਿਥੇ ਬਾਦਸ਼ਾਹ ਦੇ ਹੁਕਮ ਨਾਲ 5 ਮਾਰਚ 1716 ਈ. ਨੂੰ ਸ਼ਹੀਦੀਆਂ ਦਾ ਸਿਲਸਿਲਾ ਸ਼ੁਰੂ ਹੋਇਆ। ਰੋਜ਼ ਕੋਤਵਾਲੀ ਦੇ ਚਬੂਤਰੇ ਕੋਲ ਸੌ-ਸੌ ਸਿੰਘਾਂ ਨੂੰ ਕੱਢੇ ਕੇ ਸ਼ਹੀਦ ਕੀਤਾ ਗਿਆ ਅਤੇ ਇਹ ਸਾਰੇ ਕੰਮ ਨੂੰ ਇਕ ਹਫ਼ਤੇ ਦੇ ਅੰਦਰ ਅੰਜ਼ਾਮ ਦਿੱਤਾ ਗਿਆ।

3. ਬਾਬਾ ਬੰਦਾ ਸਿੰਘ ਬਹਾਦਰ, ਉਸ ਦੇ ਸਪੁੱਤਰ ਅਜੈ ਸਿੰਘ[76] ਅਤੇ ਚੋਣਵੇਂ ਸਿੰਘਾਂ (ਜਿਨ੍ਹਾਂ ਦੀ ਗਿਣਤੀ 26 ਦੱਸੀ ਹੈ) ਨੂੰ ਤਿੰਨ ਮਹੀਨੇ ਬੜੇ ਤਸੀਹੇ ਦਿੱਤੇ ਨਾਏ, ਤਾਂ ਜੋ ਲੋਹਗੜ੍ਹ ਆਦਿ ਥਾਵਾਂ ਤੇ ਰੱਖੇ ਖਜ਼ਾਨਿਆਂ ਦੀ ਸੂਹ ਇਨ੍ਹਾਂ ਤੋਂ ਪ੍ਰਾਪਤ ਹੋ ਸਕੇ। ਪਰ ਮੁਗਲਾਂ ਦੇ ਮਨਸੂਬੇ ਕਾਮਯਾਬ ਨਾ ਹੋ ਸਕੇ। ਇਨ੍ਹਾਂ ਨੂੰ ਤ੍ਰਿਪੋਲੀਆ ਗੇਟ ਦੇ ਪਾਸ ਬਣੀ ਜੇਲ੍ਹ ਵਿਚ ਰੱਖਿਆ ਗਿਆ ਸੀ। ਬੰਦਾ ਸਿੰਘ ਨੇ ਦੋ ਵਿਆਹ[77] ਕੀਤੇ ਸਨ।

4. ਬਾਬਾ ਬੰਦਾ ਸਿੰਘ ਬਹਾਦਰ, ਬੇਟੇ ਅਜੈ ਸਿੰਘ ਅਤੇ ਚੋਣਵੇਂ 26 ਸਿੰਘਾਂ, ਜਿਵੇਂ ਸਰਦਾਰ ਬਾਜ ਸਿੰਘ, ਭਾਈ ਫਤਹਿ ਸਿੰਘ, ਭਾਈ ਆਲੀ ਸਿੰਘ, ਭਾਈ ਮਾਲੀ ਸਿੰਘ, ਭਾਈ ਗੁਲਾਬ ਸਿੰਘ ਆਦਿ ਨੂੰ ਖੁਆਜਾ ਕੁਤਬੁਦੀਨ ਦੇ ਮਜ਼ਾਰ..ਮੀਨਾਰ) ਪਾਸ, ਭਾਵ ਕੁਤਬੁਦੀਨ ਬਖਤਿਆਰ ਕਾਕੀ ਦੇ ਰੋਜ਼ੇ ਪਾਸ, ਬਾਦਸ਼ਾਹ ਬਹਾਦੁਰ ਸ਼ਾਹੀ ਦੀ ਕਬਰ ਦੀ ਕਰਾਈ ਗਈ ਅਤੇ ਸਾਰਿਆਂ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। (9 ਜੂਨ 1716 ਈ.)

5. ਫ਼ਾਰਸੀ ਲਿਖਤਾਂ ਵਿਚ ਉਸ ਗੱਭਰੂ ਨੌਜਵਾਨ ਦਾ ਬਾਖ਼ੂਬੀ ਜ਼ਿਕਰ ਆਇਆ ਹੈ, ਜਿਸ ਨੇ ਆਪਣੇ ਸਮੇਂ ਤੇ ਰਿਹਾਈ ਠੁਕਰਾ ਦਿੱਤੀ ਸੀ। ਇਸ ਗੱਭਰੂ ਦਾ ਨਾਂ ਭੀਮ ਸਿੰਘ ਸੀ ਅਤੇ ਮਜੀਠਾ (ਅੰਮ੍ਰਿਤਸਰ) ਦਾ ਰਹਿਣ ਵਾਲਾ ਸੀ। ਬਾਬਾ ਬੰਦਾ ਸਿੰਘ ਬਹਾਦੁਰ 1713-1715 ਈ. ਤੱਕ ਮੌਜੂਦ ਡੇਰਾ ਰਿਆਸਤ ਚੰਦਰ ਭਾਗ[78] (ਚਿਨਾਬ) ਦਰਿਆ ਦੇ ਕਿਨਾਰੇ ਹੀ ਰਹੇ ਸਨ। ਇਹ ਡੇਰਾ ਫ਼ੌਜੀ ਪੈਂਤੜੇਬਾਜ਼ੀ ਪੱਖੋ ਖ਼ਾਸ ਅਹਿਮੀਅਤ ਰੱਖਦਾ ਸੀ। ਇਕ ਪਾਸੇ ਦਰਿਆ ਅਤੇ ਦੂਜੇ ਪਾਸੇ ਪਹਾੜ ਅਤੇ ਜੰਗਲਾਂ ਨਾਲ ਘਿਰਿਆ ਹੋਇਆ ਸੀ। ਇਹ ਦੁਸ਼ਮਣਾਂ ਤੋਂ ਸੁਰੱਖਿਆ ਪ੍ਰਦਾਨ ਕਰਦਾ ਸੀ। ਇਥੋਂ ਹੀ ਬਾਬਾ ਬੰਦਾ ਸਿੰਘ ਜੀ ਗੁਰਦਾਸ ਨੰਗਲ ਵਾਲੀ ਜੰਗ ਲਈ ਰਵਾਨਾ ਹੋਏ ਸਨ।

ਉੱਪਰ ਦਿੱਤੀ ਸੰਖੇਪ ਚਰਚਾ ਤੋਂ ਇਹ ਸਾਫ਼ ਹੋ ਜਾਂਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੂੰ ਖੁਆਜ਼ਾ ਫੱਤੂ ਦੀ ਪਾਣੀ ਦੀ ਸ਼ਬੀਲ ਦੇ ਨਜ਼ਦੀਕ, ਖੁਆਜਾ ਕੁਤਬ ਦੀ ਦਰਗਾਹ (ਕੁਤਬ ਮਿਨਾਰ) ਕੋਲ ਅਨੰਤ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਸੀ। ਉਹ ਅਤੇ ਸਾਰੇ ਸ਼ਹੀਦ ਸਿੰਘ ਆਖਰੀ ਸਮੇਂ ਤੱਕ 'ਅਕਾਲਪੁਰਖ ਦੀ ਰਜ਼ਾ' ਵਿਚ ਅਡੋਲ ਚਿੱਤ ਰਹੇ।

ਟਿਪਣੀਆਂ ਅਤੇ ਹਵਾਲੇ

1. ਮੁਹੰਮਦ ਕਾਸਿਮ ਲਾਹੌਰੀ - **ਇਬਰਤਨਾਮਾ** (1723 ਈ.)
   "ਇੱਥੋਂ ਤੱਕ ਕਿ ਕਿਸੇ ਵਿਅਕਤੀ ਦੀ ਤਬੀਅਤ ਵਿਚ ਫ਼ਸਾਦ ਦਾ ਮਵਾਦ ਇੱਕਠਾ ਹੋ ਗਿਆ ਤੇ ਉਸ (ਬੰਦਾ ਸਿੰਘ ਬਹਾਦੁਰ) ਨੇ ਬਗ਼ਾਵਤ ਕਰ ਦਿੱਤੀ, ਭਾਵ ਇਕ ਆਦਮੀ (ਬੰਦਾ ਸਿੰਘ ਬਹਾਦੁਰ) ਨੇ ਜਿਸ ਦੇ ਖ਼ਾਨਦਾਨ ਦਾ ਪਤਾ ਨਹੀਂ............।"
2. ਬੁੱਧ ਸਿੰਘ ਅਰੋੜਾ - **ਰਿਸਾਲਾ ਦਰ ਅਹਿਵਾਲ ਨਾਨਕ ਸ਼ਾਹ ਦਰਵੇਸ਼** (1783 ਈ.), ਅੰਕ: 7
   "ਬੰਦਾ ਨਾਮੀ ਬੈਰਾਗੀ ਵਾਸੀ ਪਿੰਡ ਪੰਡੋਰੀ, ਜੋ ਜਲੰਧਰ ਦੁਆਬੇ ਦੇ ਤੁਅਲਕੇ ਕਰਤਾਰਪੁਰ ਵਿਚ ਸਥਿੱਤ ਹੈ, ਦੀ ਗੁਰੂ ਗੋਬਿੰਦ ਸਿੰਘ ਨਾਲ ਦੋਸਤੀ ਅਤੇ ਅਸੀਮ ਭਰੋਸਾ ਸੀ। ਉਸ ਨੂੰ ਗੁਰੂ ਗੋਬਿੰਦ ਸਿੰਘ ਦੇ ਪੁੱਤਰਾਂ ਦੇ ਮਾਰੇ ਜਾਣ ਦੀ ਘਟਨਾ ਨੇ ਬਹੁਤ ਪੀੜਤ ਕੀਤਾ। ਉਸ ਨੇ ਬਹੁਤ ਦੁੱਖ ਤੇ ਉਦਾਸੀ ਅਨੁਭਵ ਕੀਤੀ।ਅਜਿਹੀ ਸੰਭਾਵੀ ਘਟਨਾਵਾਂ ਤੋਂ ਸਰੁੱਖਿਆ ਦੀ ਯੋਜਨਾ ਦੇ ਅੰਤਰਗਤ, ਉਸ ਨੇ ਗੁਰੂ ਗੋਬਿੰਦ ਸਿੰਘ ਦੇ ਦਿਲੋਂ ਬਣੇ ਮੁਰੀਦਾਂ ਨੂੰ ਉਕਸਾਇਆ ਅਤੇ ਤਿਆਰ ਕੀਤਾ ਅਤੇ ਆਪ ਵੀ ਉਹਨਾਂ ਦੇ ਫ਼ਿਰਕੇ ਵਿੱਚ ਸ਼ਾਮਿਲ ਹੋ ਗਿਆ।"
3. Hari Ram Gupta - **History of the Sikhs**, Vol. II, New Delhi, 1978, P: 9
4. P.N.Bali - **History of Mohyals.**
5. Muzaffar Alam- **India: Avadh and the Punjab:** 1707-1748, Delhi, 1986, P:56
6. Kirpal Singh, Kharak Singh-**History of the Sikhs and their Religion**, Vol. II, SGPC, Amritsar, 2013, P:25
7। Badhera, Ganesh Das-**Rajdarshani**: A Persian History of North- Western India from earliest times in 1847 A.D (Translated by S.D.S Charak), Jammu, 1991, P: 152 ".......... After him, his son Gaja Singh received the title of Raja, but the Government of the Country remained in the hands of imperial officers. It so happened that Guru Gobind Singh came to Jammu hills. via Parmantal to have the sacred sight of the Devi Trikota. Raja Gaja Singh and Jaswant Singh, both the brothers reached the place of Nihal and received the Guru. The Guru prayed for their well being and gave a dastar to the Raja and a steal spear to Jaswant Singh. It is said that the spear was in possession of Main Rattan Dev till the reign of Raja Ranjit Dev and he carefully and respectfully guarded it."
8. ਰਾਜਾ ਗਜੈ ਸਿਘ ਦੇ ਦੋ ਬੇਟੇ ਸਨਾਂ ਇੰਦਰ ਦੇਵ ਅਤੇ ਧਰੂਦੇਵ, ਬਦਕਿਸਮਤੀ ਨਾਲ ਇੰਦਰਦੇਵ ਘੋੜੇ ਤੋਂ ਡਿੱਗ ਕੇ ਮਰ ਗਿਆ ਸੀ, ਇਸੇ ਲਈ- ਧਰੂਦੇਵ ਤਖ਼ਤ ਤੇ ਬੈਠਾ।
9. Diwan Kirpa Ram- **Gulabnama**, Persian, Jammu, P:26 (Trs. S.S. Charak)
   " Dhruv Dev ruled over Jammu state from A.D 1703 - 1735. He probably drove away the Muslim 'Faujdar' from his territories and Jammu becomePractically independent. He also extended his Sway over the Surrounding hill states most of which were only off-shoots of the Jammu Ruling family."
10. ਇਹ ਯਾਰਾਂ ਡੋਗਰਾਂ ਰਿਆਸਤਾਂ ਸਨ: ਚੰਬਾ, ਬਸੋਲੀ, ਭੱਡੋ, ਮਨਕੋਟ, ਬੰਦਰਲਾਟਾ, ਜਸਰੋਟਾ, ਸਾਂਬਾ, ਜੰਮੂ, ਚਨੈਨੀ, ਕਿਸ਼ਤਵਾੜ ਅਤੇ ਭਦਰਵਾਹ।
11. Ganda Singh - **Life of Banda Singh Bahadhur,** Amritsar, 1935, P:1
12. **BandaThe Brave**, Lahore, 1815, P:10
13. **ਬੰਦਾ ਬਹਾਦਰ**, ਅੰਮ੍ਰਿਤਸਰ, 1907, ਅੰਕ: 2

14. **Later Mughals**, V of I, New Delhi, 1971, P:93
15. **ਬੰਦਾ ਸਿੰਘ ਸ਼ਹੀਦ**, ਲੁਧਿਆਣਾ, 1994, ਅੰਕ: 7
16. **The Sikhs of the Punjab**, Cambridge Uni-Press, 1998, P:83
17. **A Short history of the sikhs**, Patiala, 1999. P:91
18. **ਤਾਰੀਖ਼ ਜਦੀਦ ਡੋਗਰਾ ਦੇਸ਼** (ਉਰਦੂ), 1966, ਅੰਕ: 388
19. **The Encyclopedia of sikhism**, Vol. I, Patiala, 1995, P:27
20. **History of the Sikhs and their Religion**, Vol. II, SGPC Asr, 2013, P:25
21. **ਤਵਾਰੀਖ਼ ਗੁਰੂ ਖ਼ਾਲਸਾ**, ਅੰਕ:2
22. ਗਿਆਨੀ ਗਿਆਨ ਸਿੰਘ- **ਤਵਾਰੀਖ਼ ਗੁਰੂ ਖ਼ਾਲਸਾ** (ਭਾਗ ਦੂਜਾ) ਭਾਸ਼ਾ ਵਿਭਾਗ ਪੰਜਾਬ, ਛਾਪ 2003, ਅੰਕ: 2
23. ਨਰਗਸ ਦਾਸ ਨਰਗਸ- **ਤਾਰੀਖ਼ ਜਦੀਦ ਡੋਗਰਾ ਦੇਸ਼** (ਉਰਦੂ), ਹਿੱਸਾ ਅੱਵਲ, ਜੰਮੂ, 1966, ਅੰਕ: 388
24. ਇਹ ਸੱਭਾ 4 ਅਪ੍ਰੈਲ 2012 ਵਿੱਚ ਰਜਿਸਟਰ ਹੋਈ ਹੈ। ਇਸ ਦੇ ਕਾਰਕੁਨ ਹਨ: ਸ੍ਰ. ਗਜਿੰਦਰ ਸਿੰਘ ਪੁਰੀ (ਪ੍ਰਧਾਨ), ਸ. ਗੁਰਚਰਨ ਸਿੰਘ, ਸ੍ਰ. ਹਰਵਿੰਦਰ ਸਿੰਘ, ਸ੍ਰ. ਕਰਨਜੀਤ ਸਿੰਘ, ਡਾ. ਕੁਲਵੰਤ ਸਿੰਘ ਅਤੇ ਸ੍ਰ. ਰਾਜਵਿੰਦਰ ਸਿੰਘ ਪੁਰੀ।
25. ਭਾਈ ਪੁਣਛੂ ਨੇ 12 ਸਾਲ ਦੀ ਉਮਰ ਵਿਚ ਸੰਤ ਠਾਕਰ ਮੇਲਾ ਸਿੰਘ ਤੋਂ 'ਖੰਡੇ ਦੀ ਪਾਹੁਲ' ਲੈ ਕੇ ਭਾਈ ਪੁਣਛੂ ਸਿੰਘ ਪ੍ਰਸਿੱਧ ਹੋਇਆ। ਇਹ 'ਦੋਤਾਰੇ' ਨਾਲ ਕੀਰਤਨ ਕਰਦੇ ਸਨ ਅਤੇ ਸ਼ੇਰੇ-ਪੰਜਾਬ ਦੇ ਰਸਾਲੇ ਵਿੱਚ ਘੋੜਸਵਾਰ ਭਰਤੀ ਹੋ ਕੇ ਰਵਾੜਾਂ (ਰਾਵਲਪਿੰਡੀ) ਦੇ ਕੈਂਪ ਵਿੱਚ ਲੱਗੇ ਰਹੇ। ਪ੍ਰਭੂ-ਭਗਤੀ ਸਦਕੇ ਪ੍ਰਾਪਤ ਰਿਧੀਆਂ-ਸਿਧੀਆਂ ਨੂੰ ਕੇਵਲ ਮਾਨਵਤਾ ਦੀ ਭਲਾਈ ਤੇ ਦੁਖ ਨਿਵਾਰਨ ਲਈ ਪ੍ਰਸਿੱਧ ਹੋਏ।
26. ਗਿਆਨੀ ਗਿਆਨ ਸਿੰਘ- **ਤਵਾਰੀਖ਼ ਗੁਰੂ ਖ਼ਾਲਸਾ** (ਭਾਗ ਦੂਜਾ) ਭਾਸ਼ਾ ਵਿਭਾਗ, ਪੰਜਾਬ, ਛਾਪ 2003, ਅੰਕ: 2
27. Fauja Singh, Dr (Editor)- **Atlas Travels of Guru Gobind Singh**, Punjabi Uni, Patiala , 2002 edition, P:12 ".........Mahant Jait Ram of Dadoo Dwara, who just happened to be There at the time, also came to pay his homage to the Guru. Both The Yogi and Mahant told the Guru of One Bairagi Madho Das and his great occult powers. The Guru at once made up his mind to meet him.
28. ਨੱਥ ਮਲ- **ਅਮਰਨਾਮਾ**; ਸਿੱਖ ਹਿਸਟਰੀ ਸੁਸਾਇਟੀ, ਅੰਮ੍ਰਿਤਸਰ, (ਸੰ: ਡਾ. ਗੰਡਾ ਸਿੰਘ) 1975, ਬੰਦ: 4-6
29. **ਭੱਟ ਵਹੀ ਪੂਰਬੀ ਦੱਖਣੀ।**
30. **ਅਮਰਨਾਮਾ**, ਪੂਰਵ ਅੰਕਿਤ, ਬੰਦ : 26-30
31. ਪੂਰਵ ਅੰਕਿਤ, ਬੰਦ: 56-58
32. **ਤਵਾਰੀਖ਼ੇ ਹਿੰਦ** (1818 ਈ.) ਅੰਕ : 111
33. ਰਣਧੀਰ ਸਿੰਘ (ਰੀਸਰਚ ਸਕਾਲਰ) - **ਗੁਰੂ - ਪ੍ਰਣਾਲੀਆਂ**, ਸਿੱਖ ਇਤਿਹਾਸ ਬੋਰਡ, ਸ਼੍ਰੋ ਗੁ. ਪ੍ਰ. ਕਮੇਟੀ, ਅੰਮ੍ਰਿਤਸਰ, 1977, ਅੰਕ : 228-229
34. ਪੂਰਵ ਅੰਕਿਤ, ਅੰਕ : 119
35. **ਭੱਟਵਹੀ ਪੂਰਬੀ ਦੱਖਣੀ।**
36. **ਭੱਟ ਵਹੀ ਮੁਲਤਾਨੀ ਸਿੰਧੀ।**
37. ਬੁੱਧ ਸਿੰਘ ਅਰੋੜਾ -**ਰਿਸਾਲਾ ਦਰ ਅਹਿਵਾਲ ਨਾਨਕ ਸ਼ਾਹ ਦਰਵੇਸ਼**, ਅੰਕ:43 ਬਾਹਵਾਲਾ ਬੰਦਾ ਸਿੰਘ ਬਹਾਦੁਰ : ਫ਼ਾਰਸੀ ਸਰੋਤ (ਸੰ) ਡਾ. ਬਲਵੰਤ ਸਿੰਘ ਢਿਲੋਂ, ਅੰਮ੍ਰਿਤਸਰ, 2011, ਅੰਕ : 54

38. ਰਤਨ ਸਿੰਘ ਭੰਗੂ (ਸੰ) ਜੀਤ ਸਿੰਘ ਸੀਤਲ – **'ਸ੍ਰੀ ਗੁਰੂ ਗ੍ਰੰਥ ਪ੍ਰਕਾਸ਼'** ਅੰਮ੍ਰਿਤਸਰ, ਅੰਕ : 131

"ਤੈਂ ਜੋ ਧਾੜ ਪਿੰਡ ਆਇ ਵੜੀ, ਬੰਦੈ ਵਲ ਸਭ ਦੇਖੈ ਖੜੀ।
ਉਠ ਬੰਦੇ ਕਹੀ ਮਾਰੋ ਧਾੜ, ਮਾਰਨ ਆਏ ਤਿਨੈ ਲਯੋ ਮਾਰ।
ਐ ਜੋ ਉਸੈ ਛੁਡਾਵਨ ਆਵੈ, ਸੋਊ ਊਹਾਂ ਆਪ ਫ਼ਸ ਜਾਵੇ।
ਓਇ ਮਾਰੈਂ ਸੇਲੇ ਤਲਵਾਰ, ਢੀਮ ਸੰਗ ਸਿੰਘ ਲੇਵੈ ਮਾਰ"।

39. ਜਦੋਂ ਮਾਧੋਦਾਸ ਮਾਰਚ 1695 ਈ. ਨੂੰ ਹਰਿਦੁਆਰ ਕਨਖਲ ਵੱਲ ਆਇਆ ਸੀ ਤਾਂ ਉਸ ਸਮੇਂ ਗੁਰੂ ਗੋਬਿੰਦ ਸਿੰਘ ਜੀ ਦੀ ਉੱਥੇ ਪਧਾਰੇ ਸਨ। ਮਾਧੋਦਾਸ ਬੈਰਾਗੀ ਨੇ ਗੁਰੂ ਸਾਹਿਬ ਦੇ ਪਹਿਲੀ ਵਾਰ ਇਥੇ ਦਰਸ਼ਨ ਕੀਤੇ ਸਨ। ਮਾਧੋਦਾਸ ਦਾ ਪਹਿਲਾ ਡੇਰਾ ਰਮਣੀਕ ਥਾਂ ਸੇਹਰੀ ਅਤੇ ਖੰਡਾਂ ਵਿਚਕਾਰ ਰਿਹਾ ਸੀ। ਇਥੇ ਮਾਧੋਦਾਸ 13-14 ਸਾਲ ਟਿਕਿਆ ਰਿਹਾ। ਜੰਤ੍ਰ ਮੰਤ੍ਰ ਅਤੇ ਬੀਰਆਸਣ ਸਦਕਾ ਇਹ ਇਸ ਇਲਾਕੇ ਵਿੱਚ ਬੜਾ ਕਰਾਮਾਤੀ ਪ੍ਰਸਿੱਧ ਹੋਇਆ। ਲੋਕੀ ਵੀ ਇਸ ਨੂੰ ਜਾਣਦੇ ਸਨ, ਇਸੇ ਲਈ ਇਸ ਨੇ ਇੱਥੇ ਮੁਕਾਮ ਕੀਤੇ।

40. ਮੁਹੰਮਦ ਸ਼ਫ਼ੀ ਵਾਰਿਦ – **ਮੀਰਾਤਿ ਵਾਰਿਦਾਤ** (1734 ਈ.) ਬਾਹਵਾਲਾ ਬੰਦਾ ਸਿੰਘ ਬਹਾਦੁਰ : ਫ਼ਾਰਸੀ ਸਰੋਤ, ਪੂਰਵ ਅੰਕਿਤ, ਅੰਕ :209

41. ਸ੍ਰ. ਰਤਨ ਸਿੰਘ ਭੰਗੂ (ਸੰ) ਜੀਤ ਸਿੰਘ ਸੀਤਲ – **ਸ੍ਰੀ ਗੁਰੂ ਪੰਥ ਪ੍ਰਕਾਸ਼**, ਪੂਰਵ ਅੰਕਿਤ

"ਐਸੀ ਭੇਜੀ ਲਿਖ ਅਰਦਾਸ। ਭੇਜੀ ਖਾਲਸੇ, ਖਾਲਸੇ ਪਾਸ।
ਸੋ ਸੁਨ ਖਾਲਸੇ ਸਿਰ ਪਰ ਧਰੀ। ਤੁਰਤ ਚਲੰਨ ਦੀ ਤਿਆਰੀ ਕਰੀ।
ਜਿਸ ਸਿਖ ਪਹਿ ਖਰਚ ਨਾ ਹੋਇ। ਬਿਨ ਖਰਚ ਬੰਡ ਖਾਵੈ ਸੋਇ।
ਅਸਿਖ ਸਿਖਨ ਦੇਵੈ ਸੁਨਾਹੀ। ਕਹੈ ਸਿੱਖ ਸਭ ਊਹਾ ਮਰਾਹੀ।"

42. ਗੁਲਾਮ ਮੁਹੀਉਦੀਨ – **ਫ਼ਤੂਹਾਤ ਨਾਮਾ –ਏ–ਸਮ ਦੀ** (1722 ਈ) ਅੰਕ : 20

43. ਨੂਰਦੀਨ ਫ਼ਾਰੂਕੀ-**ਤਾਰੀਖ਼ਿ-ਜਹਾਂਦਾਰ ਸ਼ਾਹ** (1713 ਈ.), ਅੰਗ : 4 ਬਾਹਵਾਲਾ ਬੰਦਾ ਸਿੰਘ ਬਹਾਦੁਰ : ਫ਼ਾਰਸੀ ਸਰੋਤ, ਪੂਰਵ ਅੰਕਿਤ, ਅੰਕ:54

44. ਗੁਲਾਮ ਮੁਹੀਉਦੀਨ – **ਫ਼ਤੂਹਾਤਨਾਮਾ–ਏ–ਸਮਦੀ**, ਪੂਰਵ ਅੰਕਿਤ, ਅੰਕ : 99

45. ਕਪੂਰੀ ਵਿੱਚ ਨਵਾਬ ਸੱਯਦ ਅਮਾਨ ਉੱਲਾ ਨੇ ਅਣਗਿਣਤ ਧਨ ਇੱਕਠਾ ਕੀਤਾ ਸੀ। ਉਸ ਦਾ ਪੁੱਤਰ ਕਦਮ-ਓ-ਦੀਨ ਬੜਾ ਕਾਮੀ ਤੇ ਬਦਮਾਸ਼ ਸੀ। ਆਸ ਪਾਸ ਦੀਆਂ ਸੁੰਦਰੀਆਂ ਦੀ ਆਬਰੂ-ਰੇਜ਼ੀ ਕਰ ਕੇ ਬੜੀ ਖੁਸ਼ੀ ਮਨਾਉਂਦਾ ਸੀ। ਅਜਿਹੀਆਂ ਖ਼ਬਰਾਂ ਕਪੂਰੀ ਦੇ ਲੋਕਾਂ ਨੇ ਬੰਦਾ ਸਿੰਘ ਬਹਾਦੁਰ ਨੂੰ ਆਪ ਜਾ ਕੇ ਦਸੀਆਂ ਸਨ।

46. ਗੌਰਤਲਬ ਹੈ ਕਿ ਇਹ ਉਹੋ ਉਸਮਾਨ ਖ਼ਾਨ ਸੀ ਜਿਸ ਨੇ ਸਯੱਦ ਪੀਰ ਬੁਧੂ ਸ਼ਾਹ ਨੂੰ ਬੜੇ ਤਸੀਹੇ ਦੇ ਕੇ ਸ਼ਹੀਦ ਕੀਤਾ ਸੀ ਕਿਉਂਕਿ ਪੀਰ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਭੰਗਾਣੀ ਦੇ ਯੁੱਧ ਵਿੱਚ ਆਪਣੇ ਬੇਟਿਆਂ ਅਤੇ 700 ਮਰੀਦਾਂ ਨਾਲ ਸਾਥ ਦਿੱਤਾ ਸੀ।

47. Dr. Bhagat Singh- **A select chronology of Akhbair -i-Darbar-i-Mualla** (preserved in old Historical Records, Jaipur). The Panjab past and present, vol XVIII - II oct, 1984, serial no. : 36 (Punjabi University, Patiala, P:182)


48. ਮਿਰਜ਼ਾ ਮੁਹੰਮਦ ਹਾਰਿਸ਼ੀ-**ਇਬਰਤਨਾਮਾ** (1718 ਈ.) ਅੰਕ: 85 ਬਾਹਵਾਲਾ, ਬੰਦਾ ਸਿੰਘ ਬਹਾਦੁਰ: ਫ਼ਾਰਸੀ - ਸਰੋਤ, ਪੂਰਵ ਅੰਕਿਤ, ਅੰਕ:68

49. ਗੁਲਾਮ ਮੁਹੀਉਦੀਨ – **ਫ਼ਤਹਾਤ ਨਾਮਾ–ਏ–ਸਮਦੀ**, ਪੂਰਵ ਅੰਕਿਤ, ਅੰਕ : 104-105

50. ਖ਼ਾਫ਼ੀ ਖ਼ਾਨ – **ਮੁੰਤਖਬੁ–ਲ–ਲੁਬਾਬ** (1731 ਈ.), ਬਾਹਵਾਲਾਂ : ਬੰਦਾ ਸਿੰਘ ਬਹਾਦੁਰ: ਫ਼ਾਰਸੀ ਸਰੋਤ, ਪੂਰਵ ਅੰਕਿਤ, ਅੰਕ : 193

51. ਇਰਾਦਤ ਖ਼ਾਨ – **ਤਾਰੀਖਿ ਇਰਾਦਤ ਖ਼ਾਨ** (1714 ਈ.) ਬਾਹਵਾਲਾ : ਬੰਦਾ ਸਿੰਘ ਬਹਾਦੁਰ : ਫ਼ਾਰਸੀ ਸਰੋਤ, ਪੂਰਵ ਅੰਕਿਤ, ਅੰਕ : 60

52. ਬੁੱਧ ਸਿੰਘ ਅਰੋੜਾ- **ਰਿਸਾਲਾ ਦਰ ਅਹਿਵਾਲ ਨਾਨਕ ਸ਼ਾਹ ਦਰਵੇਸ਼** (1783 ਈ.) ਬਾਹਵਾਲਾ : ਬੰਦਾ ਸਿੰਘ ਬਹਾਦੁਰ : ਫ਼ਾਰਸੀ ਸਰੋਤ, ਪੂਰਵ ਅੰਕਿਤ, ਅੰਕ : 247
53. ਮਿਰਜ਼ਾ ਮੁਹੰਮਦ ਹਾਰਿਸ਼ੀ - **ਇਬਰਤਨਾਮਾ** (1718 ਈ.) ਪੂਰਵ ਅੰਕਤ, ਅੰਗ : 69
54. ਕਾਮਰਾਜ ਬਿਨ ਨੈਣ ਸਿੰਘ - **ਇਬਰਤਨਾਮਾ** (1719ਈ.) ਪੂਰਵ ਅੰਕਤ, ਅੰਕ :81
55. ਖਾਫ਼ੀ ਖ਼ਾਨ - **ਮੁੰਤਖਬੁ -ਲ-ਲੁਬਾਬ** (1731 ਈ.), ਪੂਰਵ ਅੰਕਤ, ਅੰਕ ; 185
56. ਮੁਹੰਮਦ ਸਫ਼ੀ-**ਵਾਰਿਦ-ਮੀਰਾਤਿ-ਲੁ-ਲੁਬਾਬ** (1731 ਈ.), ਪੂਰਵ ਅੰਕਤ, 211
57. ਖੁਸ਼ਹਾਲ ਚੰਦ-**ਤਾਰੀਖਿ-ਮੁਹੰਮਦਸ਼ਾਹੀ** (1740 ਈ.), ਪੂਰਵ ਅੰਕਤ, 23।
58. ਯਾਰ ਮੁਹੰਮਦ ਖਾਨ ਕਲੰਦਬਰ - **ਦਸਤੂਰ-ਉਲ-ਇਸ਼ਾ** (1710-11 ਈ.) ਬਾਹਵਾਲਾ : ਬੰਦਾ ਸਿੰਘ ਬਹਾਦੁਰ : ਫ਼ਾਰਸੀ ਸਰੋਤ, ਪੂਰਵ ਅੰਕਿਤ, ਅੰਕ:83
59. ਕਾਮਰਾਜ ਬਿਨ ਨੈਣ ਸਿੰਘ - **ਇਬਰਤਨਾਮਾ** (19178ਈ.) ਪੂਰਵ ਅੰਕਿਤ, ਅੰਕ:83
60. ਮੁਹੰਮਦ ਕਾਸਿਮ ਲਾਹੌਰੀ- **ਇਬਰਤਨਾਮਾ**, ਅੰਕ : 25
61. ਗੁਲਾਮ ਮੁਹੀਉਦੀਨ - **ਫ਼ਤੂਹਾਤਨਾਮਾ-ਏ-ਸਮਦੀ** (1722 ਈ.), ਪੂਰਵ ਅੰਕਿਤ, ਅੰਕ: 127
62. ਪੂਰਵ ਅੰਕਿਤ, ਅੰਕ : 105
63. ਪੂਰਵ ਅੰਕਿਤ, ਅੰਕ : 114
64. ਪੂਰਵ ਅੰਕਿਤ, ਅੰਕ: 151
65. ਖ਼ਾਫੀ ਖਾਨ- **ਮੁੰਤਖਬੁ-ਲ-ਲੁਬਾਬ**, ਪੂਰਵ ਅੰਕਿਤ, ਅੰਕ 195-196
66. **ਹਕੀਕਤ-ਏ-ਬਿਨਾ-ਵ-ਉਰੂਜ਼-ਏ-ਫ਼ਿਰਕਾ-ਏ-ਸਿੱਖਾਂ** (1784 ਈ.)ਬਾਹਵਾਲਾ: ਬੰਦਾ ਸਿੰਘ ਬਹਾਦੁਰ :ਫ਼ਾਰਸੀ ਸਰੋਤ (ਸੰ) ਸ. ਬਲਵੰਤ ਸਿੰਘ ਢਿਲੋਂ, ਅੰਮ੍ਰਿਤਸਰ, ਪੂਰਵ ਅੰਕਿਤ, ਅੰਕ :25
67. ਮਿਰਜਾ ਮੁਹੰਮਦ ਹਾਰਿਸੀ - **ਇਬਰਤਨਾਮਾ**, ਪੂਰਵ ਅੰਕਿਤ, ਅੰਕ : 74
68. ਸ਼ਿਵ ਦਾਸ ਲਖਨਵੀ - **ਸ਼ਾਹਨਾਮਾ ਮੁਨੱਵਰ ਕਲਾਮ**, ਬਾਹਵਾਲਾ ਬੰਦਾ ਸਿੰਘ ਬਹਾਦੁਰ, ਪੂਰਵ ਅੰਕਿਤ, ਅੰਕ : 92
69. ਮੁਹੰਮਦ ਕਾਸਿਸ ਲਾਹੌਰੀ - **ਇਬਰਤਨਾਮਾ**, ਪੂਰਵ ਅੰਕਿਤ, ਅੰਕ: 150
70. ਖ਼ਾਫ਼ੀ ਖ਼ਾਨ-**ਮੁੰਤਖਬੁ-ਲੁ-ਲੁਬਾਬ**, ਪੂਰਵ ਅੰਕਿਤ, ਅੰਕ:199
71. ਯਹੀਯਾ ਖ਼ਾਨ ਮੀਰ ਮੁਨਸ਼ੀ-**ਤਜ਼ਕਿਗਤੁ-ਲ-ਮਲੂਕ**, ਪੂਰਵ ਅੰਕਿਤ, ਅੰਕ: 227
72. **ਰਿਸਾਲਾ ਦਰ ਅਹਿਵਾਲ ਨਾਨਕਸ਼ਾਹ ਦਰਵੇਸ਼**, ਪੂਰਵ ਅੰਕਿਤ, ਅੰਕ 247-48
73. **ਤਾਰੀਖਿ-ਮੁੱਜ਼ਫ਼ਰੀ**, ਪੂਰਵ ਅੰਕਿਤ, ਅੰਕ:261
74. **The Panjab past and present**; vol XVIII-II, oct 1984, Punjabi University, Patiala (serial no. 36)
75. ਫ਼ਾਰਸੀ ਲਿੱਖਤਾਂ ਦੀ ਕਿਤਾਬਤ, ਇਨ੍ਹਾਂ ਸਤਰਾਂ ਦੇ ਲੇਖਕ ਦੀ ਹੈ, ਜੋ ਖਾਲਸਾ ਕਾਲਜ ਅੰਮ੍ਰਿਤਸਰ ਵਿੱਚ 1982 ਵਿਚੋਂ ਡਾ. ਗੰਡਾ ਸਿੰਘ ਦੀਆਂ ਫ਼ਾਰਸੀ ਲਿਖਤਾਂ ਤੋ ਨਕਲ ਕੀਤੀਆਂ ਗਈਆਂ ਸਨ।
76. ਸਰਹਿੰਦ ਦੀ ਫ਼ਤਹਿ ਬਾਅਦ ਸਿੰਘਾਂ ਦੇ ਕਹਿਣ ਤੇ ਬਾਬਾ ਬੰਦਾ ਸਿੰਘ ਬਹਾਦੁਰ ਨੇ ਸ਼ੀਲ ਦੇਈ (ਸ਼ੁਸ਼ੀਲ ਕੌਰ ਜਾਂ ਰਤਨ ਕੌਰ) ਚੰਬੇ ਦੇ ਰਾਜੇ ਦੀ ਬੇਟੀ ਨਾਲ ਜਨਵਰੀ-ਫਰਵਰੀ 1711 ਈ. ਵਿੱਚ ਵਿਆਹ ਕਰਵਾਇਆ। ਜਿਸ ਵਿਚੋਂ ਅਜੈ ਸਿੰਘ ਬੇਟਾ ਪੈਦਾ ਹੋਇਆ। ਸ਼ੁਸ਼ੀਲ ਕੌਰ ਲਾਲ ਕਿਲ੍ਹੇ ਦੇ ਹਰਮ ਵਿੱਚ ਬੇਟੇ ਅਜੈ ਸਿੰਘ ਨੂੰ ਖੋਹਣ ਲੱਗਿਆ ਮੁਗਲ ਸਿਪਾਹੀਆਂ ਨਾਲ ਜੂਝਦਿਆਂ ਸ਼ਹੀਦ ਹੋ ਗਈ ਸੀ।
77. ਬਾਬਾ ਬੰਦਾ ਸਿੰਘ ਨੇ ਦੋ ਵਿਆਹ ਕੀਤੇ ਸਨ। ਪਹਿਲਾ ਚੰਬੇ ਦੇ ਰਾਜੇ ਦੀ ਲੜਕੀ ਸੁਸ਼ੀਲ ਜਾਂ ਰਤਨ ਕੌਰ ਨਾਲ ਅਤੇ ਦੂਜਾ ਵਜ਼ੀਰਬਾਦ ਦੇ ਹਰੀ ਰਾਮ ਖੱਤ੍ਰੀ ਦੀ ਬੇਟੀ ਸਾਹਿਬ ਕੌਰ ਨਾਲ ਹੋਇਆ। ਇਹ ਵਿਆਹ 1714 ਈ. ਨੂੰ ਹੋਇਆ ਜਿਸ ਵਿਚੋਂ 1715 ਈ. ਨੂੰ ਰਣਜੀਤ ਸਿੰਘ ਦਾ ਜਨਮ ਹੋਇਆ। ਬੰਦਾ ਸਿੰਘ ਬਹਾਦੁਰ ਦਾ ਬੰਸਾਵਲੀ-ਨਾਮਾ ਇਸ ਤਰ੍ਹਾਂ ਹੈ :



ਇੱਥੇ ਇਹ ਦੱਸਣਾ ਵੀ ਉਚਿਤ ਹੈ ਕਿ ਬੰਦਾ ਸਿੰਘ ਬਹਾਦੁਰ ਦੇ ਦੂਜੇ ਵਿਆਹ ਦੀ ਸਰਕਾਰੀ ਸੂਹੀਆਂ ਨੂੰ ਭਿਣਕ ਤੱਕ ਨਹੀਂ ਪਈ ਅਤੇ ਨਾ ਹੀ ਪੁੱਤਰ ਰਣਜੀਤ ਸਿੰਘ ਬਾਰੇ ਕੋਈ ਜਾਣਕਾਰੀ ਸੀ।

੭੪. ਡੇਰਾ ਬਾਬਾ ਬੰਦਾ ਸਿੰਘ ਬਹਾਦੁਰ ਦੀ ਭੱਟਵਹੀ ਵਿੱਚ ਅੰਦਰਾਜ਼ ਮੌਜੂਦ ਹਨ, ਉਹ ਇਸ ਤਰ੍ਹਾਂ ਹਨ:

(ੳ) "ਭਾਈ ਫ਼ਤਹਿ ਸਿੰਘ ਸੁਚੇਤ ਸਿੰਘ-ਬੇਟੇ ਸਾਹਿਬ ਸਿੰਘ ਜੁਝਾਰ ਸਿੰਘ ਜੀ ਕੇ, ਪੋਤੇ ਰਣਜੀਤ ਸਿੰਘ ਕੇ,ਪੜਪੋਤੇ ਸਾਹਿਬ ਬੰਦਾ ਸਾਹਿਬ ਜੀ ਕੇ ਬੰਸ ਗੁਰੂ ਗੋਬਿੰਦ ਸਿੰਘ ਜੀ ਕਾ, ਸੰਗਤ 1880 ਮੇਂ ਪਿਤਾ ਸਾਹਿਬ ਜੁਝਾਰ ਸਿੰਘ ਜੀ ਕੇ ਫੂਲ ਲਿਆਏ ਗੰਗਾ ਜੀ"।

(ਵਹੀ ਸੋਢੀਆਂ, ਹਰਿਦੁਆਰ)

(ਅ) " ਭਾਈ ਫ਼ਤਹਿ ਸਿੰਘ ਜੀ ਬੇਟੇ ਸਾਹਿਬ ਜੁਝਾਰ ਸਿੰਘ ਜੀ ਕੇ ਪੋਤੇ ਸਾਹਿਬ ਰਣਜੀਤ ਸਿੰਘ ਜੀ ਕੇ ਪੜਪੋਤੇ ਸਾਹਿਬ ਬੰਦਾ ਸਾਹਿਬ ਜੀ ਕੇ, ਬੰਸ ਗੁਰੂ ਗੋਬਿੰਦ ਸਿੰਘ ਜੀ ਕਾ ਸੰਮਤ 1901 ਮੇਂ ਕੁੰਭ ਕੇ ਇਸਨਾਨ ਪਰ ਆਏ, ਗੰਗਾ ਜੀ, ਸਾਥ ਇਸਤਰੀ ਭਾਗਭਰੀ, ਕਿਸ਼ਨ ਦੇਵੀ, ਨਾਰਾਇਣ ਦੇਵੀ, ਗੁਲਾਬ ਦੇਈ ਚਾਰ, ਆਈਆਂ ਟਹਿਲਣਾ-ਰਾਮਦੇਈ, ਦੌਰਾਂ, ਮਲਾਵੀ ਤੇ ਪ੍ਰੇਮੀ ਸਾਥ ਆਈਆਂ"। (ਵਹੀ ਸੋਢੀਆਂ, ਪੰਡਤ ਭਵਾਨੀਦਾਸ, ਹਰਿਦੁਆਰ)

****

ਅੰਤਿਕਾ - ੳ
ਬਾਬਾ ਬੰਦਾ ਸਿੰਘ ਬਹਾਦੁਰ ਦੀ ਧਰਮ ਨਿਰਪੱਖਤਾ

